# ਸੱਚ ਦੇ ਸਨਮੁਖ

(ਕਾਵਿ-ਸੰਗ੍ਰਹਿ)

**ਏਸੇ ਕਲਮ ਤੋਂ...**

- ਸਮੇਂ ਦੇ ਬੋਲ — *ਕਾਵਿ-ਸੰਗ੍ਰਹਿ*
- ਸੁਲ਼ਗਦੇ ਪਲ — ”
- ਕੌਣ ਦਿਲਾਂ ਦੀਆਂ ਜਾਣੇ — ”
- ਅਧੂਰੇ ਬੋਲ — ”
- ਚੇਤਨਾ ਦੀ ਮਸ਼ਾਲ — ”
- ਮੁਹੱਬਤ ਦੀ ਖ਼ੁਸ਼ਬੂ — ”
- ਹਰਫ਼ਾਂ ਦੇ ਸ਼ੀਸ਼ੇ — *ਗ਼ਜ਼ਲ-ਸੰਗ੍ਰਹਿ*
- ਸੂਹਾ ਗ਼ੁਲਾਬ — *2004 ਤੱਕ ਦਾ ਸਮੁੱਚਾ ਕਾਵਿ-ਸੰਗ੍ਰਹਿ*
- ‘ਅਜੀਤ’ ਵਿਚ ਛਪੇ ਕਰੀਬ ਦੋ ਦਰਜਨ ਲੇਖਕਾਂ ਦੇ ਰੇਖਾ-ਚਿਤ੍ਰ

# ਸੱਚ ਦੇ ਸਨਮੁਖ

(ਕਾਵਿ-ਸੰਗ੍ਰਹਿ)

## ਕੁਲਵੰਤ ਜਗਰਾਉਂ

**ਲਾਹੌਰ ਬੁਕ ਸ਼ਾਪ**

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

***Sach De Sanmukh***
*(A collection of Poems)*
By

**Kulwant Jagraon**
*152-F, Shaheed Bhagat Singh Nagar,*
*Pakhowal Road, Ludhiana. 141013*
*Ph.: 0161-2561872, 2561433*

© ਲੇਖਕ

ਪਹਿਲਾ ਸੰਸਕਰਣ: 2008

ਮੁੱਲ : 130 ਰੁਪਏ

# ਸਮਰਪਣ

ਲੋਕਾਈ ਨੂੰ,

ਸੱਚ, ਪ੍ਰੇਮ ਤੇ ਨੇਕੀ

ਦਾ ਮਾਰਗ ਦਰਸਾਉਣ ਵਾਲੇ

ਆਪਣੇ ਇਸ਼ਟ

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

# ਤਤਕਰਾ


ਆਪਣੇ ਵੱਲੋਂ ਕੁਝ ਧੰਨਵਾਦੀ ਸ਼ਬਦ 10
ਭੂਮਿਕਾ: **ਸੁਰਜੀਤ ਪਾਤਰ** 12

*ਕਵਿਤਾਵਾਂ*

- ਅੱਖਰ 21
- ਮੈਂ ਤੇ ਮੇਰੀ ਕਵਿਤਾ 24
- ਮੇਰੀ ਪ੍ਰਤੀਬੱਧਤਾ 25
- ਆਦਮੀ ਤੇ ਸਾਗਰ 26
- ਆਦਮੀ ਤੇ ਦਰਿਆ 27
- ਆਦਮੀ ਤੇ ਪਰਬਤ 28
- ਮੌਤ ਤੇ ਕਵੀ 29
- ਮੈਂ ਤੇ ਮੌਤ 31
- ਸਵੈ-ਜੀਵਨੀ 33
- ਮੇਰਾ ਪੁਲਸੀਆ ਬਾਪ 37
- ਮੇਰੀ ਪਤਨੀ 40
- ਮੇਰੀਆਂ ਅੱਖਾਂ ਲੈ ਲੌ ਪਾਪਾ 43
- ਰੱਬ ਤੋਂ ਤਕੜੀ ਕੁੜੀ 44
- ਕੁੜੀਆਂ ਚਿੜੀਆਂ 45
- ਸ਼ਹੀਦ ਭਗਤ ਸਿੰਘ ਨਾਲ ਕੁਝ ਗੱਲਾਂ 47
- ਸਰਾਪਿਆ ਯੁੱਗ 50
- ਅਖੌਤੀ ਸਮਾਜ ਸੇਵਕਾਵਾਂ 52
- ਸੱਦਾਮ ਹੁਸੈਨ 53
- ਨਵਾਂ ਸੂਰਜ ਚੜ੍ਹਨ ਤੋਂ ਪਹਿਲਾਂ 55
- ਖ਼ੂਨੀ ਖਲਨਾਇਕ 56
- ਕਠਪੁਤਲੀਆਂ 58
- ਮੈਂ ਨਹੀਂ ਬੋਲਾਂਗਾ ਝੂਠ 60
- ਸਿਆਸਤ 63
- ਰਾਸ਼ਟਰੀ ਦਿਵਸ ਤੇ ਜਨਤਾ 66
- ਮੀਡੀਆ 69
- ਲੋਕਤੰਤਰ 72
- ਰਿਸ਼ਤੇ 74
- ਕਵੀ ਦੀ ਪਤਨੀ 76
- ਪ੍ਰਦੂਸ਼ਣ 79
- ਰੁੱਖ 82
- ਵੈਦ, ਡਾਕਟਰ 84
- ਮਾਓਵਾਦੀ ਨਕਸਲੀ ਲਹਿਰ.. 86
- ਹਿੰਦ-ਪਾਕਿ ਦੋਸਤੀ 88
- ਖ਼ੂਨਦਾਨ 89
- ਦੁਆ 91
- ਹਰਫ਼ਾਂ ਦੇ ਦੀਵੇ 92
- ਲੇਖਕ 93
- ਵੱਡਾ ਕਵੀ 94
- ਧਰਮ-ਜ਼ਾਤ 95
- ਸ਼ਹੀਦ ਭਗਤ ਸਿੰਘ 96
- ਅਤਿਵਾਦੀ 98
- ਸ਼ਿਲਾਲੇਖ 99
- ਯੁਗ ਨਾਦ 100
- ਤਿੰਨ ਕਵਿਤਾਵਾਂ 102
- ਗੁਰ ਨਾਨਕ ਤੇ ਅਸੀਂ 105

*ਗ਼ਜ਼ਲਾਂ*

- ਜੋ ਗਿਰ ਗਿਆ ਹੈ ਰਾਹ ਵਿਚ... 110
- ਝਰਨਿਆਂ ਨਦੀਆਂ ਅਤੇ ਜੰਗਲਾਂ... 112
- ਲਫ਼ਜ਼ਾਂ 'ਚ ਆਪਣੇ ਮਨ ਦਾ... 113
- ਹੱਸ ਹੱਸ ਜੋ ਕਰ ਰਹੇ ਨੇ... 114
- ਇਕ ਮੀਤ ਦਿਲ ਦਾ ਸੋਹਣਾ... 116
- ਪੰਛੀ ਭਾਵੇਂ ਉੱਡਦੇ... 117
- ਦਿਲ ਢੂੰਡਦਾ ਹੈ ਜਿਸ ਨੂੰ... 118

• ਜਾਨ ਤੋਂ ਵੀ ਪਿਆਰਿਆਂ… 119
• ਐਵੇਂ ਨਾ ਵਾਂਗ ਗ਼ੈਰਾਂ… 120
• ਬੈਠੇ ਜੇ ਮੇਰੇ ਸਾਹਵੇਂ… 121
• ਉਜਾਲਾ ਹੀ ਉਜਾਲਾ ਹੈ… 122
• ਮਿਲਦੇ ਨੇ ਬੜੇ ਨੇ ਸਾਨੂੰ… 123
• ਆਉਂਦੇ ਨੇ ਰੋਜ਼ ਰਾਤੀਂ… 124
• ਮੈਂ ਨਹੀਂ ਹੋਵਾਂਗਾ… 125
• ਕੁਝ ਦੋਸਤਾਂ ਨੇ… 126
• ਜਦ ਕਿਸੇ ਆਪਣੇ ਮੇਰੇ… 127
• ਗ਼ਮ ਬਿਰਹਾ ਦਾ… 128
• ਗ਼ਜ਼ਲਾਂ ਨੂੰ ਗ਼ਜ਼ਲ ਗਾਉਂਦੀ… 129
• ਜੋ ਵੀ ਇਸ਼ਕ ਲਗਾਈ… 130
• ਤਿਲ ਤਿਲ ਕਰਨੇ ਮਰਨਾ… 131


*ਗੀਤ*


• ਤੇਰੇ ਤੋਂ ਜ਼ਿੰਦੜੀ ਵਾਰਾਂ ਵੇ 134
• ਜਾਦੂ ਕਰੀ ਜਾਂਦੇ ਹੋ 135
• ਮੋਹ ਭਿੱਜੀਏ 136
• ਸਾਵਣ ਦਾ ਮਹੀਨਾ 137
• ਛੱਡ ਆਪਣੀ ਡੋਰੀ 139
• ਸਾਨੂੰ ਐਵੇਂ ਨਾ ਤੜਫਾ 140
• ਸ਼ਾਮ ਢਲੀ 141
• ਬੋਲ ਸੁਰੀਲੇ 142
• ਵਿਦਾਇਗੀ ਬੋਲ 144

*ਆਪਣੇ ਵੱਲੋਂ*

# ਕੁਝ ਧੰਨਵਾਦੀ ਸ਼ਬਦ

25 ਜਨਵਰੀ, 2005 ਨੂੰ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ, ਦਿੱਲੀ ਵਿਖੇ ਮੇਰੇ ਖੱਬੇ ਪੱਟ ਦੀ ਰਸੌਲੀ ਦੇ ਕੈਂਸਰ ਦਾ ਅਪ੍ਰੇਸ਼ਨ ਹੋਇਆ ਸੀ। 26 ਜਨਵਰੀ ਨੂੰ ਮੈਂ ਆਈ.ਸੀ.ਯੂ. ਵਿਚ ਪਏ ਨੇ ਹੀ ਆਪਣੀ ਡਾਇਰੀ 'ਤੇ ਇਕ ਸ਼ਿਅਰ ਲਿਖਿਆ ਸੀ:

*"ਦਨਦਨਾਉਂਦੀ ਮੌਤ ਤਾਂ ਆਈ ਸੀ ਲੈਣ ਨੂੰ,*
*ਹੱਸਿਆ ਮੈਂ ਉਸਨੂੰ ਵੇਖ ਜਦ, ਸਹਿਮੀ ਉਹ ਮੁੜ ਗਈ।"*

ਅਕਤੂਬਰ 2006 ਵਿਚ ਕੈਂਸਰ ਮੇਰੇ ਖੱਬੇ ਫੇਫੜੇ ਵਿਚ ਪਹੁੰਚ ਗਿਆ। ਦਇਆਨੰਦ ਹਸਪਤਾਲ, ਲੁਧਿਆਣਾ ਤੋਂ ਕੈਮੋਥਰੈਪੀ ਕਰਵਾਉਣੀ ਪਈ। ਉਸ ਤੋਂ ਬਾਅਦ ਮੈਂ ਕੁਝ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਲਿਖੇ। ਦਸੰਬਰ 2007 ਵਿਚ ਫਿਰ ਮੇਰੇ ਖੱਬੇ ਫੇਫੜੇ ਵਿਚ ਹੀ ਕੈਂਸਰ ਦੀ ਤਕਲੀਫ਼ ਹੋ ਗਈ ਅਤੇ ਮੈਨੂੰ ਖੰਘ ਵਿਚ ਲਹੂ ਜਾਣ ਲੱਗ ਪਿਆ। ਇਕ ਦਿਨ ਬੇਟੇ ਨਵਜੋਤ ਨੇ ਕਿਹਾ, "ਡੈਡੀ ਜੀ, ਤੁਸੀਂ ਨਵਾਂ ਕਾਵਿ-ਸੰਗ੍ਰਹਿ ਛਪਵਾਉਣ ਲਈ ਕਹਿੰਦੇ ਸੀ, ਉਸ ਲਈ ਖਰਚ਼ਾ ਤਿਆਰ ਕਰੋ, ਮੈਂ ਜਲਦੀ ਛਪਵਾ ਦਿਆਂਗਾ।" ਉਸ ਦੀ ਪ੍ਰੇਰਨਾ ਤੇ ਹੌਂਸਲਾ ਦੇਣ 'ਤੇ ਮੈਂ ਬਿਮਾਰੀ ਦੌਰਾਨ ਹੀ ਇਸ ਕਾਵਿ-ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਲਿਖੀਆਂ ਹਨ।

ਮੈਂ ਆਪਣੇ ਸਮਕਾਲੀ ਪੰਜਾਬੀ ਦੇ ਸਭ ਤੋਂ ਹਰਮਨ ਪਿਆਰੇ ਤੇ ਵੱਡੇ ਸ਼ਾਇਰ ਡਾ. ਸੁਰਜੀਤ ਪਾਤਰ ਜੀ ਦਾ ਬੇਹੱਦ ਰਿਣੀ ਹਾਂ ਜਿਨ੍ਹਾਂ ਨੇ ਇਸ ਕਾਵਿ-ਸੰਗ੍ਰਹਿ ਦੇ ਮੁਖਬੰਦ ਦੇ ਰੂਪ ਵਿਚ ਆਪਣੇ ਅਨਮੋਲ ਸ਼ਬਦਾਂ ਨਾਲ ਮੈਨੂੰ ਨਿਵਾਜਿਆ ਹੈ।

ਪੰਜਾਬੀ ਸ਼ਾਇਰ ਡਾ. ਪਰਮਜੀਤ ਸੋਹਲ ਦਾ ਅਤੀ ਧੰਨਵਾਦੀ ਹਾਂ, ਜਿਨ੍ਹਾਂ ਨੇ ਬੜੀ ਮਿਹਨਤ ਤੇ ਸੂਝ ਨਾਲ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਕੰਪੋਜ਼ ਕੀਤੀਆਂ ਹਨ।

ਆਪਣੇ ਮਿੱਤਰ ਕਵੀ ਆਰਟਿਸਟ ਸਵਰਨਜੀਤ ਸਵੀ ਦਾ ਵੀ ਧੰਨਵਾਦੀ ਹਾਂ ਜਿਸ ਨੇ ਇਸ ਕਾਵਿ-ਸੰਗ੍ਰਹਿ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਹੈ।

ਪ੍ਰੋ. ਗੁਰਭਜਨ ਗਿੱਲ, ਸ. ਕਰਮਜੀਤ ਸਿੰਘ ਔਜਲਾ ਅਤੇ ਸ੍ਰੀਮਤੀ ਗੁਰਚਰਨ ਕੌਰ ਕੋਚਰ ਜੀ ਦਾ ਵੀ ਬੇਹੱਦ ਸ਼ੁਕਰਗੁਜ਼ਾਰ ਹਾਂ, ਜੋ ਸਮੇਂ-ਸਮੇਂ ਇਸ ਕਾਵਿ-ਸੰਗ੍ਰਹਿ ਬਾਰੇ ਆਪਣੇ ਕੀਮਤੀ ਸੁਝਾਅ ਦਿੰਦੇ ਰਹੇ। ਮੈਂ ਦੇਸ਼-ਵਿਦੇਸ਼ ਰਹਿੰਦੇ ਆਪਣੇ ਸੈਂਕੜੇ ਲੇਖਕ ਮਿੱਤਰਾਂ ਤੇ ਸਨੇਹੀਆਂ ਦਾ ਵੀ ਅਤੀ ਧੰਨਵਾਦੀ ਹਾਂ, ਜੋ ਮੇਰੀ ਤੰਦਰੁਸਤੀ ਲਈ ਅਰਦਾਸ ਕਰਦੇ ਰਹੇ ਹਨ ਅਤੇ ਆਪਣੀਆਂ ਸ਼ੁਭ ਕਾਮਨਾਵਾਂ ਭੇਜਦੇ ਰਹੇ ਹਨ।

ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਕਵਿਤਾ ਦੇ ਸੂਝਵਾਨ ਸੁਹਿਰਦ ਪਾਠਕ ਤੇ ਵਿਦਵਾਨ ਮੇਰੇ ਇਹਨਾਂ ਟੁੱਟੇ-ਫੁੱਟੇ ਬੋਲਾਂ ਦਾ ਹੁੰਗਾਰਾ ਭਰਨਗੇ।

**ਕੁਲਵੰਤ ਜਗਰਾਉਂ**
*152-ਐਫ, ਸ਼ਹੀਦ ਭਗਤ ਸਿੰਘ ਨਗਰ,*
*ਪੱਖੋਵਾਲ ਰੋਡ, ਲੁਧਿਆਣਾ-13*
*ਫ਼ੋਨ: 2561872, 2561433*

# ਹਨ੍ਹੇਰੇ ਵਿਚ ਲਟ ਲਟ ਬਲ਼ਦੀ ਮਸ਼ਾਲ

ਕੁਲਵੰਤ ਜਗਰਾਉਂ ਹਲੀਮੀ ਦੀ ਦੌਲਤ ਨਾਲ ਭਰਿਆ ਹੋਇਆ ਹੈ। ਮਿੱਠ-ਬੋਲੜਾ, ਮੋਹਵੰਤਾ ਇਨਸਾਨ, ਪਿਆਰ ਭਰਿਆ ਕਵੀ। ਉਹ ਆਪਣੇ ਸਮਕਾਲੀਆਂ ਨੂੰ, ਛੋਟੇ-ਵੱਡੇ ਕਵੀਆਂ ਨੂੰ ਆਪਣੇ ਬੋਲਾਂ ਦੀ ਦੌਲਤ ਨਾਲ ਮਾਲੋ-ਮਾਲ ਕਰ ਦਿੰਦਾ ਹੈ। ਉਹ ਸਾਨੂੰ ਕਿਸੇ ਵੀ ਮਹਿਫ਼ਲ ਵਿਚ ਵੀ.ਵੀ.ਆਈ.ਪੀ. ਬਣਾਉਣ ਦੀ ਤਾਕਤ ਰੱਖਦਾ ਹੈ। ਉਸ ਵਰਗਾ ਦਰਿਆ-ਦਿਲ, ਖੁੱਲ-ਖ਼ਰਚ ਉਦਾਰ ਕਲਾ-ਪ੍ਰਸ਼ੰਸਕ ਮੈਂ ਹੋਰ ਕੋਈ ਨਹੀਂ ਦੇਖਿਆ। ਇਹ ਵੀ ਨਹੀਂ ਕਿ ਉਹ ਉੱਪਰੋਂ-ਉੱਪਰੋਂ, ਸਿਰਫ਼ ਹੋਠਾਂ ਤੋਂ ਬੋਲ ਰਿਹਾ ਹੁੰਦਾ ਹੈ। ਨਹੀਂ, ਉਹ ਦਿਲ ਦੀਆਂ ਗਹਿਰਾਈਆਂ ਵਿਚੋਂ ਬੋਲ ਰਿਹਾ ਹੁੰਦਾ ਹੈ। ਉਸ ਦੀਆਂ ਗੱਲਾਂ ਸਿਰਫ਼ ਗੱਲਾਂ ਨਹੀਂ ਹੁੰਦੀਆਂ, ਪਿਆਰ ਤੇ ਮੋਹ ਦੀਆਂ ਛੱਲਾਂ ਹੁੰਦੀਆਂ ਹਨ ਕਿਉਂਕਿ ਉਹ ਦਰਿਆ ਦਿਲ ਹੈ। ਮੈਂ ਉਸਦੀ ਹਲੀਮੀ, ਉਸ ਦੇ ਮੋਹ, ਉਸ ਦੀ ਦਰਿਆ-ਦਿਲੀ ਨੂੰ ਨਮਸਕਾਰ ਕਰਦਾ ਹਾਂ। ਉਹ ਸਾਨੂੰ ਸਭਨੂੰ ਆਪੋ-ਆਪਣੀ ਸਲਤਨਤ ਦੇ ਸ਼ਹਿਨਸ਼ਾਹ ਬਣਾ ਦਿੰਦਾ ਹੈ। ਜਦੋਂ ਉਹ ਨਹੀਂ ਹੁੰਦਾ ਤਾਂ ਲਗਦਾ ਹੈ ਸਾਡੇ ਮੱਥਿਆਂ ਦੇ ਮੁਕਟ ਕੌਣ ਲੈ ਗਿਆ?

ਕੁਲਵੰਤ ਜਗਰਾਉਂ ਦੀ ਇਹ ਨਵੀਂ ਕਾਵਿ-ਪੁਸਤਕ "ਸੱਚ ਦੇ ਸਨਮੁਖ" ਪੜ੍ਹਦਿਆਂ ਮੈਨੂੰ ਉਸ ਦੀ ਸ਼ਖ਼ਸੀਅਤ ਦਾ ਇਕ ਹੋਰ ਪਹਿਲੂ ਨਜ਼ਰ ਆਇਆ, ਜਿਸ ਨੇ ਮੈਨੂੰ ਅਚੰਭਿਤ ਕਰ ਦਿੱਤਾ। ਅਸੀਂ ਸਭ ਜਾਣਦੇ ਹਾਂ ਇਸ ਸਮੇਂ ਉਹ ਕਿਹੋ ਜਿਹੇ ਜਿਸਮਾਨੀ ਕਸ਼ਟ ਵਿਚੋਂ ਲੰਘ ਰਿਹਾ ਹੈ – ਉਸ ਦਾ, ਉਸ ਦੇ ਪਰਿਵਾਰ ਤੇ ਉਸਦੇ ਦੋਸਤਾਂ ਦਾ ਜੀਅ ਕਿਹੋ ਜਿਹਾ ਹੈ। ਪਰ ਉਸ ਦੀ ਕਵਿਤਾ ਦੀ ਇਕ ਇਕ ਸਤਰ ਗਵਾਹ ਹੈ ਕਿ ਉਸ ਦੇ ਮਨ ਦਾ ਕੰਵਲ ਹਰਗਿਜ਼ ਊਂਧਾ ਨਹੀਂ ਹੋਇਆ, ਉਸ ਦਾ ਹੌਂਸਲਾ, ਉਸ ਦੀ ਸ਼ਾਨ, ਉਸਦੀ ਧਜ ਦੁੱਖ ਦੇ ਹਨ੍ਹੇਰੇ ਵਿਚ ਹੋਰ ਵੀ ਦਘਦੀ ਦਿਖਾਈ ਦੇ ਰਹੀ ਹੈ:

ਦਨਦਨਾਉਂਦੀ ਮੌਤ ਤਾਂ ਆਈ ਸੀ ਲੈਣ ਨੂੰ,
ਹੱਸਿਆ ਮੈਂ ਵੇਖ ਜਦ, ਸਹਿਮੀ ਉਹ ਮੁੜ ਗਈ।

ਕੁਲਵੰਤ ਜਗਰਾਉਂ ਨੇ ਇਹ ਹੌਂਸਲਾ ਆਪਣੇ ਗਿਆਨ ਤੋਂ ਲਿਆ, ਫ਼ਲਸਫ਼ੇ, ਗੁਰਬਾਣੀ, ਸੂਫ਼ੀ ਕਲਾਮ, ਸ਼ਾਇਰੀ ਤੋਂ ਲਿਆ। ਪਰ ਸਿਰਫ਼ ਗਿਆਨ ਕਾਫ਼ੀ ਨਹੀਂ ਹੁੰਦਾ ਜਦ ਤੱਕ ਉਹ ਤੁਹਾਡੀ ਸ਼ਖ਼ਸੀਅਤ ਦਾ ਕਾਇਆ ਕਲਪ ਨਾ ਕਰੇ। ਜਦ ਤੱਕ ਗਿਆਨ ਤੁਹਾਨੂੰ ਹੌਲੀ ਹੌਲੀ ਰੋੜਾ, ਖ਼ਾਕ, ਪਾਣੀ ਤੇ ਅਖ਼ੀਰ ਹਰਿ ਜੈਸਾ ਨਾ ਬਣਾ ਦੇਵੇ। ਕੁਲਵੰਤ ਨੇ ਜ਼ਿੰਦਗੀ ਨੂੰ ਆਪਣੀ ਹਉਮੈ ਤੇ ਗਰਜ਼ ਤੋਂ ਪਾਰ ਹੋ ਕੇ ਵੇਖਿਆ ਹੈ। ਜ਼ਿੰਦਗੀ ਹੀ ਨਹੀਂ ਮੌਤ ਨੂੰ ਵੀ ਉਸਨੇ ਇਸ ਪਾਰਗਾਮਤਾ ਤੋਂ ਦੇਖਿਆ ਹੈ। ਕੁਲਵੰਤ ਜਗਰਾਉਂ ਨੇ ਆਪਣੀ ਸ਼ਾਨਦਾਰ ਕਵਿਤਾ "ਮੌਤ ਤੇ ਕਵੀ" ਵਿਚ ਲਿਖਿਆ ਹੈ:

ਮੌਤ ਨੇ ਬੁੱਢੇ ਬੀਮਾਰ ਕਵੀ ਨੂੰ ਪੁੱਛਿਆ:
'ਤੂੰ ਧਰਤੀ 'ਤੇ ਕਿਹੋ ਜਿਹਾ ਜੀਵਨ ਚਾਹੁੰਦਾ ਏਂ?'
ਕਵੀ ਨੇ ਕਿਹਾ:
'ਹੱਸਦਾ ਨੱਚਦਾ
ਗਾਉਂਦਾ ਮੁਸਕਰਾਉਂਦਾ
ਖ਼ੁਸ਼ੀਆਂ ਹੁਸਨ ਤੇ ਮੁਹੱਬਤ ਭਰਿਆ'
ਮੌਤ ਨੇ ਫਿਰ ਕਿਹਾ:
'ਕੀ ਇਹ ਮੇਰੇ ਬਿਨਾ ਸੰਭਵ ਹੈ?
ਜੇ ਮੈਂ ਨਾ ਹੋਵਾਂ
ਰੋਗ ਬੁਢਾਪਾ ਕਰੂਪਤਾ
ਦੁੱਖ ਦਰਦ ਪੀੜਾਂ ਨਾਲ
ਸਾਰੀ ਧਰਤੀ ਨਰਕ ਬਣ ਜਾਵੇ...
... ... ...
ਮੇਰੇ ਬਿਨਾ ਨਵਜੀਵਨ ਸੰਭਵ ਨਹੀਂ
ਸ਼ਾਇਰਾ! ਤੂੰ ਹਰੇ ਭਰੇ
ਲਹਿਲਹਾਉਂਦੇ ਖੇਤ ਵੇਖੇ ਨੇ
ਕਿਸਾਨ ਉਨ੍ਹਾਂ ਨੂੰ ਖ਼ੁਦ ਹੀ ਬੀਜਦਾ ਤੇ ਵੱਢਦਾ ਹੈ
ਹਰ ਨਵੀਂ ਰੁੱਤੇ
ਨਵੀਆਂ ਫ਼ਸਲਾਂ
ਝੂੰਮਣ ਲੱਗ ਪੈਂਦੀਆਂ ਹਨ
ਸਭ ਫ਼ਲਾਂ ਨੂੰ ਲੋਕ ਤੋੜ ਲੈਂਦੇ ਹਨ
ਨਿੱਕੇ ਵੱਡੇ ਫੁੱਲਾਂ ਦੇ ਬਣ ਜਾਂਦੇ ਨੇ ਹਾਰ ਤੇ ਗਜਰੇ
ਕੁਝ ਫੁੱਲ ਹੋ ਜਾਂਦੇ ਨੇ
ਦੇਵੀ-ਦੇਵਤਿਆਂ ਦੇ ਚਰਨਾਂ ਵਿਚ ਅਰਪਿਤ
ਹਰ ਰੋਜ਼ ਅਗਲੇ ਦਿਨ
ਤੇ ਹੌਲੀ-ਹੌਲੀ ਅਗਲੀ ਰੁੱਤੇ
ਫੁੱਲਾਂ ਦੇ ਬੂਟੇ
ਨਵੇਂ ਫੁੱਲਾਂ ਨਾਲ ਲੱਦੇ ਜਾਂਦੇ ਹਨ
ਕਵੀ ਸੋਚੀਂ ਪੈ ਗਿਆ
ਮੌਤ ਨੇ ਕਿਹਾ:
'ਲੋਕ ਮੈਥੋਂ ਐਵੇਂ ਫਜ਼ੂਲ ਡਰਦੇ ਨੇ
ਮੈਂ ਤਾਂ ਨਵਜੀਵਨ ਦੀ ਸੂਚਕ ਹਾਂ'

ਕੁਲਵੰਤ ਜਗਰਾਉਂ ਦੀ ਸ਼ਖ਼ਸੀਅਤ ਅਤੇ ਸ਼ਾਇਰੀ ਦਾ ਇਕ ਹੋਰ ਪਹਿਲੂ ਜਿਸ ਨੇ ਮੈਨੂੰ ਇਸ ਕਿਤਾਬ ਦੇ ਪਾਠ ਦੌਰਾਨ ਅਚੰਭਿਤ ਕੀਤਾ ਉਹ ਇਹ ਸੀ ਕਿ ਘੋਰ ਨਿੱਜੀ ਦੁੱਖ ਦੇ ਇਨ੍ਹਾਂ ਦਿਨਾਂ ਵਿਚ ਵੀ ਸ੍ਵੈ-ਮੋਹ ਜਾਂ ਆਤਮ-ਤਰਸ ਦਾ ਸ਼ਿਕਾਰ ਨਹੀਂ ਹੋਇਆ, ਉਸ ਦੇ ਸਰੋਕਾਰ ਸਿਰਫ਼ ਆਪੇ ਤੱਕ ਸੀਮਿਤ ਨਹੀਂ ਹੋਏ, ਬਲਕਿ ਇਹ ਪਹਿਲਾਂ ਨਾਲੋਂ ਵੀ ਵਧੇਰੇ ਫੈਲ ਗਏ, ਗਹਿਰੇ ਹੋ ਗਏ, ਵਧੇਰੇ ਸੰਵੇਦਨਸ਼ੀਲ ਤੇ ਵਧੇਰੇ ਸੋਚਵਾਨ ਹੋ ਗਏ। ਆਦਮੀ ਤੇ ਸਾਗਰ, ਆਦਮੀ ਤੇ ਦਰਿਆ, ਆਦਮੀ ਤੇ

ਪਰਬਤ ਵਿਚ ਉਹ ਸਮੁੱਚੀ ਮਾਨਵਤਾ ਤੇ ਕਾਇਨਾਤ ਬਾਰੇ ਸੋਚਦਾ ਹੈ, ਇਨ੍ਹਾਂ ਦੇ ਸੰਘਰਸ਼ਮਈ ਰਿਸ਼ਤੇ ਬਾਰੇ, ਮੌਜੂਦਾ ਸਰਾਪੇ ਯੁਗ ਬਾਰੇ ਸੋਚਦਾ ਤੇ ਪ੍ਰਸ਼ਨ-ਚਿੰਨ੍ਹ ਲਾਉਂਦਾ ਹੈ। ਆਪਣੇ ਨੇਤਾਵਾਂ, ਅਹਿਲਕਾਰਾਂ ਦੇ ਵਿਵਹਾਰ ਨੂੰ ਘੋਖਦਾ ਹੈ। ਆਪਣੇ ਦੇਸ਼, ਆਪਣੇ ਲੋਕਾਂ, ਗ਼ਰੀਬਾਂ ਮਜ਼ਦੂਰਾਂ ਦਾ ਦਰਦ ਮਹਿਸੂਸ ਕਰਦਾ ਹੈ।

ਇਸ ਸੰਬੰਧ ਵਿਚ ਕੁਲਵੰਤ ਦੀ ਸ਼ਾਇਰੀ ਦੀ ਇਸ ਵਾਰ ਵੱਖਰੀ ਗੱਲ ਇਹ ਹੈ ਕਿ ਉਸ ਦੀ ਪਹੁੰਚ ਵਧੇਰੇ ਵਿਸ਼ਲੇਸ਼ਣ-ਮੁਖੀ ਤੇ ਉਸਦਾ ਲਹਿਜਾ ਰੌਦਰਮਈ ਤੇ ਅੰਦਾਜ਼ ਵਿਅੰਗਮਈ ਹੈ। ਇਸ ਪੁਸਤਕ ਵਿਚ ਉਹ ਆਪਣੀ ਦੁਨੀਆ ਦੇ ਸਾਰੇ ਸਮਕਾਲੀ ਦ੍ਰਿਸ਼ ਨੂੰ ਬਰੀਕ ਨਜ਼ਰ ਨਾਲ ਦੇਖਦਾ ਹੈ ਤੇ ਬੇਬਾਕੀ ਨਾਲ ਬਿਆਨ ਕਰਦਾ ਹੈ। ਉਸ ਦੀਆਂ ਕਵਿਤਾਵਾਂ ਕਈ ਵਾਰ ਵਾਰਤਕ ਦੀ ਜੂਹ ਵਿਚ ਦਾਖ਼ਲ ਹੁੰਦੀਆਂ ਵੀ ਲੱਗਦੀਆਂ ਹਨ ਪਰ ਉਨ੍ਹਾਂ ਵਿਚਲਾ ਸੇਕ, ਰਵਾਨੀ ਅਤੇ ਦਰਦ ਉਨ੍ਹਾਂ ਦੇ ਸਮੁੱਚੇ ਪ੍ਰਭਾਵ ਨੂੰ ਅਣ-ਕਾਵਿਕ ਨਹੀਂ ਹੋਣ ਦਿੰਦਾ। ਇਨ੍ਹਾਂ ਕਵਿਤਾਵਾਂ ਵਿਚ ਉਸਦਾ ਦੁਨੀਆ, ਦੇਸ਼, ਲੋਕਾਈ, ਕਿਰਤ ਅਤੇ ਹੁਸਨ ਪ੍ਰਤੀ ਮੋਹ ਮੱਧਮ ਨਹੀਂ ਹੋਇਆ। ਨਾ ਹੀ ਉਸ ਦੀ ਆਸ, ਉਮੀਦ, ਸਿਦਕ ਤੇ ਸੰਘਰਸ਼ ਪ੍ਰਤੀ ਉਮਾਹ ਘੱਟ ਹੋਇਆ ਹੈ। ਉਹ ਵਧੇਰੇ ਠਿੱਗਰ ਧਰਾਤਲ 'ਤੇ ਖੜੋ ਕੇ ਹਰ ਵਰਤਾਰੇ ਨੂੰ ਬੇਗਰਜ਼ੀ ਨਾਲ ਕੁਝ ਇਸ ਤਰ੍ਹਾਂ ਦੇਖ ਰਿਹਾ ਹੈ ਕਿ ਉਸਨੇ ਆਪਣੇ ਆਪ ਨਾਲ ਵੀ ਲਿਹਾਜ ਨਹੀਂ ਕੀਤਾ। 'ਨੇਕੀ ਸੇਵਾ ਦਇਆ ਦੀ ਮੂਰਤ' ਆਪਣੀ ਪਤਨੀ ਪ੍ਰਤੀ ਮੋਹ ਤੇ ਸ਼ੁਕਰਾਨੇ ਨਾਲ ਭਰ ਕੇ ਉਹ ਆਖਦਾ ਹੈ:

ਇਸ ਦਾ ਜੇਰਾ ਕਿੰਨਾ ਵੱਡਾ
ਜਿਸ ਨੇ ਮੇਰੇ ਹਰ ਔਗੁਣ ਨੂੰ ਅਣਡਿੱਠ ਕੀਤਾ
ਹੁਣ ਜੇਕਰ ਅਫ਼ਸੋਸ ਹੈ ਮੈਨੂੰ
ਤਾਂ ਇਸ ਗੱਲ ਦਾ
ਕਿਉਂ ਨਾ ਆਪਣੀ ਪਤਨੀ ਦੀ ਮੈਂ
ਝੋਲੀ ਦੇ ਵਿਚ ਖ਼ੁਸ਼ੀਆਂ ਪਾਈਆਂ
ਵਿਚ ਜਵਾਨੀ ਕਿਉਂ ਨਾ ਉਸਦੀਆਂ
ਰੀਝਾਂ ਸੱਧਰਾਂ ਮੈਂ ਪੁਗਾਈਆਂ

ਉਹ ਆਪਣੇ ਸਾਰੇ ਜੀਵਨ 'ਤੇ ਝਾਤੀ ਮਾਰਦਾ ਹੈ, ਆਪਣੇ 'ਪੁਲਸੀਏ ਪਿਤਾ' ਦੀਆਂ ਖ਼ਾਮੀਆਂ ਤੇ ਖ਼ੂਬੀਆਂ ਨਿਹਾਰਦਾ ਹੈ, ਆਪਣੇ ਜੀਵਨ ਦੇ ਸੰਘਰਸ਼ ਦੇ ਦਿਲ-ਟੁੰਬਵੇਂ ਵੇਰਵੇ ਲਿਖਦਾ ਹੈ। ਪਰ ਇਸ ਸਭ ਕੁਝ ਦੇ ਨਾਲ ਨਾਲ ਇਹ ਨਿਮਰਤਾ ਭਰਿਆ ਵਾਕ ਵੀ ਅੰਕਿਤ ਕਰਦਾ ਹੈ:

ਮੇਰੇ ਵਿਚ ਐਨੀ ਜੁਰਅਤ ਨਹੀਂ
ਕਿ ਮੈਂ ਲਿਖ ਸਕਾਂ
ਆਪਣੀ ਪੂਰੀ ਸਹੀ ਸ੍ਵੈ-ਜੀਵਨੀ...

ਇਸ ਤਰ੍ਹਾਂ ਕਹਿਣ ਲਈ ਵੀ ਜੁਰਅਤ ਚਾਹੀਦੀ ਹੈ ਜੋ ਹਰ ਇਕ ਵਿਚ ਨਹੀਂ ਹੁੰਦੀ। ਉਹ ਸ਼ਖ਼ਸ ਜੋ ਸ੍ਵੈ-ਪੜਚੋਲ ਨਹੀਂ ਕਰ ਸਕਦਾ ਉਸਦੀ ਪਰ-ਪੜਚੋਲ ਪੁਰਅਸਰ, ਹਾਂ-ਮੁਖੀ ਤੇ ਸ਼ੁਭ ਭਾਵਨਾ ਵਾਲੀ ਨਹੀਂ ਹੁੰਦੀ।

ਇਨ੍ਹਾਂ ਨਜ਼ਮਾਂ ਦੀ ਇਕ ਹੋਰ ਗੱਲ ਬਹੁਤ ਮੁੱਲਵਾਨ ਹੈ ਕਿ ਕੁਲਵੰਤ ਜਗਰਾਉਂ ਦੀ ਇਹ ਸ਼ਾਇਰੀ ਉਪਭਾਵੁਕ ਜਾਂ ਹਵਾਈ ਨਹੀਂ। ਇਸ ਵਿਚਲੀ ਆਲੋਚਨਾ ਸਤਹੀ ਨਹੀਂ। ਜਦੋਂ ਉਹ ਆਪਣੇ ਯੁਗ ਨੂੰ ਸਰਾਪਿਆ ਯੁਗ ਆਖਦਾ ਹੈ ਤਾਂ ਉਹ ਇਸ ਦੇ ਸਰਾਪੇ ਜਾਣ ਦੇ ਕਾਰਨਾਂ ਦੀ ਵੀ ਤਲਾਸ਼ ਕਰਦਾ ਹੈ ਤੇ ਉਸ ਸਿਆਸਤ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਨੇ ਸਭ ਕੁਝ ਗੰਧਲਾ ਕਰ ਦਿੱਤਾ ਹੈ:

ਸਿਆਸਤ ਹੁਣ
ਦੇਸ਼ ਭਗਤਾਂ ਲੋਕ ਸੇਵਕਾਂ
ਨੇਕ ਇਨਸਾਨਾਂ ਵਿਦਵਾਨਾਂ
ਦੇ ਹੱਥਾਂ 'ਚੋਂ ਨਿਕਲ ਕੇ
ਅਪਰਾਧੀਆਂ ਰਿਸ਼ਵਤਖ਼ੋਰਾਂ
ਬੇਈਮਾਨਾਂ ਧਨ ਕੁਬੇਰਾਂ ਦੀ
ਰਖੇਲ ਬਣ ਚੁੱਕੀ ਹੈ
ਉਹ ਇਸਨੂੰ ਜਿਵੇਂ ਚਾਹੁਣ
ਉਵੇਂ ਨਚਾਉਂਦੇ ਹਨ

ਸਿਆਸਤ ਹੁਣ
ਦੇਸ਼ ਦੇ ਨਵ ਨਿਰਮਾਣ
ਇਸ ਦੀ ਸ਼ਾਨ ਸ੍ਵੈਮਾਣ
ਤੇ ਲੋਕ ਸੇਵਾ ਲਈ
ਆਪਣੇ ਸੁਖ ਕੁਰਬਾਨ ਕਰਨ
ਵਾਸਤੇ ਨਹੀਂ ਰਹੀ
ਇਹ ਤਾਂ ਵੋਟਾਂ, ਕੁਰਸੀ, ਰਾਜਸੱਤਾ ਲਈ
ਲੋਕਾਂ ਨੂੰ ਧਰਮ, ਜ਼ਾਤ
ਇਲਾਕੇ, ਬੋਲੀ ਦੇ ਨਾਂ 'ਤੇ
ਨੋਟਾਂ, ਨਸ਼ਿਆਂ ਦੇ ਸਹਾਰੇ
ਵੰਡਣ ਵਾਲੀ
ਘਿਨਾਉਣੀ ਖੇਡ ਬਣ ਗਈ ਹੈ

ਦੂਸ਼ਿਤ ਕਮੀਨੀ ਸਿਆਸਤ
ਘੁਸਪੈਠ ਕਰ ਚੁੱਕੀ ਹੈ
ਧਾਰਮਿਕ ਅਸਥਾਨਾਂ ਵਿਚ ਵੀ
ਗੱਦੀਆਂ ਤੇ ਬਿਰਾਜਮਾਨ ਸਿਆਸਤਦਾਨ
ਜਿਹੋ ਜਿਹੀ ਚਾਹੁਣ, ਉਹੋ ਜਿਹੀ ਬੋਲੀ
ਵਿਕੇ ਧਾਰਮਿਕ ਆਗੂ ਬੋਲਦੇ ਹਨ

ਡਾਕੂ, ਕਾਤਲ, ਲੁਟੇਰੇ, ਵਿਭਚਾਰੀ
ਇਕ ਦੂਜੇ ਦਾ ਸਾਥ ਨਹੀਂ ਦੇਣਗੇ
ਤਾਂ ਹੋਰ ਕੌਣ ਦੇਵੇਗਾ?
... ... ...
ਅੱਜ ਦੇ ਮੱਕਾਰ, ਸ਼ਾਤਰ, ਸਿਆਸਤਦਾਨ
ਧੱਕੇਸ਼ਾਹੀ, ਬੇਈਮਾਨੀ ਨਾਲ
ਹਰ ਹੀਲੇ ਰਾਜਸੱਤਾ ਪ੍ਰਾਪਤ ਕਰ
ਭਗਤ ਤੇ ਊਧਮ ਸਿੰਘ ਦੇ ਸੁਪਨਿਆਂ ਨੂੰ
ਫਾਂਸੀ ਦੇ ਰਹੇ ਹਨ।
ਅਜੋਕੀ ਰੱਤ-ਪੀਣੀ ਸਿਆਸਤ
... ... ...
ਇਹ ਜੋ ਬਲਦੇ ਚਿਰਾਗ਼ਾਂ ਨੂੰ
ਇਕ ਇਕ ਕਰਕੇ ਬੁਝਾ ਰਹੀ ਹੈ
ਇਹ ਨਹੀਂ ਜਾਣਦੀ ਕਿ
ਧਰਤੀ ਦੀ ਕੁੱਖ 'ਚੋਂ
ਅਨੇਕ ਸੂਰਜ ਉਦੈ ਹੋਣ ਵਾਲੇ ਹਨ
ਤੇ ਇਸ ਦੇ ਅੰਧਕਾਰ ਦਾ ਰਾਜ
ਛੇਤੀ ਹੀ ਖ਼ਤਮ ਹੋਣ ਵਾਲਾ ਹੈ

ਪਿਛਲੀਆਂ ਚਾਰ ਸਤਰਾਂ ਗਵਾਹ ਹਨ ਕਿ ਜ਼ਿੰਦਗੀ, ਕੁਦਰਤ, ਮਾਨਵਤਾ, ਇਤਿਹਾਸ ਤੇ ਸੱਚ ਦੀ ਓੜਕੀ ਵਿਜੈ ਵਿਚ ਕੁਲਵੰਤ ਜਗਰਾਉਂ ਦੀ ਆਸਥਾ ਅਟੱਲ ਹੈ। ਇਸ ਆਸਥਾ ਦਾ ਆਧਾਰ ਸਚੇਤ ਇਤਿਹਾਸਕ ਧਾਰਨਾ ਵੀ ਹੋ ਸਕਦੀ ਹੈ ਤੇ ਕਾਵਿਕ ਨਿਆਂ ਦਾ ਸ਼ੁਭਚਿੰਤਨ ਵੀ।

ਇਸ ਸੰਗ੍ਰਹਿ ਦੀ ਪਹਿਲੀ ਕਵਿਤਾ 'ਅੱਖਰ' ਵੀ ਏਸੇ ਆਸਥਾ ਨਾਲ ਦਘਦੀ ਹੈ। 'ਅੱਖਰ' ਦਾ ਸ਼ਾਬਦਿਕ ਅਰਥ ਹੈ ਉਹ ਜੋ ਕਦੇ ਖਰ ਨਾ ਹੋਵੇ। ਅੱਖਰਾਂ ਸਦਕਾ ਜੁਗੋ ਜੁਗ ਜੀ ਸਕਣ ਦੀ ਹਕੀਕਤ ਵੀ ਇਸ ਆਸਥਾ ਦਾ ਆਧਾਰ ਬਣਦੀ ਹੈ:

ਜਾਬਰ ਤਾਨਾਸ਼ਾਹ ਨਾ
ਸਕਦੇ ਅੱਖਰ ਮਾਰ
ਅੱਖਰ ਡੇਗਣ ਉਨ੍ਹਾਂ ਨੂੰ
ਉਲਟੇ ਮੂੰਹ ਦੇ ਭਾਰ
ਅੱਖਰ ਹੀ ਤਲਵਾਰ ਨੇ
ਅੱਖਰ ਹੀ ਨੇ ਢਾਲ
ਕੌਮਾਂ ਜ਼ਿੰਦਾ ਰਹਿਣ ਜੋ
ਅੱਖਰ ਲੈਣ ਸੰਭਾਲ

ਇਸ ਸੰਗ੍ਰਹਿ ਵਿਚ ਸ਼ਾਮਲ ਗੀਤ ਤੇ ਗ਼ਜ਼ਲਾਂ ਕਮਾਲ ਦੀ ਕੋਮਲਤਾ ਨਾਲ ਮਾਨਵਤਾ ਨੂੰ ਪਿਆਰ, ਦਇਆ ਅਤੇ ਸੱਚ ਦੀ ਅਟੱਲਤਾ ਦਾ ਸੁਨੇਹਾ ਦਿੰਦੇ ਹਨ। ਇਨ੍ਹਾਂ ਦਾ ਅੱਖਰ ਅੱਖਰ ਪਿਆਰ ਦਾ ਬੀਜ ਹੈ:

ਜੋ ਗਿਰ ਗਿਆ ਹੈ ਰਾਹ ਵਿਚ ਉਸਨੂੰ ਉਠਾ ਕੇ ਜਾਈਂ
ਜੋ ਤੜਫਦਾ ਹੈ ਪਿਆਸਾ ਪਾਣੀ ਪਿਲਾ ਕੇ ਜਾਈਂ
ਤੂੰ ਜਿਸ ਜਗ੍ਹਾ ਰਿਹਾ ਹੈਂ, ਅਹਿਸਾਨ ਜੇ ਹੈ ਲਾਹੁਣਾ,
ਗੇਂਦੇ ਗ਼ੁਲਾਬ ਕਲੀਆਂ ਉਸ ਥਾਂ ਲਗਾ ਕੇ ਜਾਈਂ।
o
ਜੰਗ ਹੜ੍ਹ ਤੂਫ਼ਾਨ ਮਾਰੂ ਆਫ਼ਤਾਂ ਝੱਲੀਆਂ ਨੇ ਇਸ
ਫੇਰ ਵੀ ਬੱਚਿਆਂ ਦੇ ਬੁੱਲ੍ਹੀਂ ਮੁਸਕਰਾਉਂਦੀ ਜ਼ਿੰਦਗੀ।
ਝਾਂਜਰਾਂ ਪੈਰਾਂ 'ਚ ਪਾ ਕੰਡਿਆਂ 'ਤੇ ਨੱਚੇ ਹੱਸਦੀ,
ਪਿਆਰ ਦੀ ਮਹਿੰਦੀ ਜੋ ਤਲੀਆਂ 'ਤੇ ਹੈ ਲਾਉਂਦੀ ਜ਼ਿੰਦਗੀ।
o
ਲਫ਼ਜ਼ਾਂ 'ਚ ਅਪਣੇ ਮਨ ਦਾ ਕਹਿਣਾ ਹੈ ਦਰਦ ਮੁਸ਼ਕਿਲ
ਮਿੱਤਰਾਂ ਪਿਆਰਿਆਂ ਦਾ ਸਹਿਣਾ ਹੈ ਦਰਦ ਮੁਸ਼ਕਿਲ
ਦੋ ਨੈਣ ਛੋਟੇ-ਛੋਟੇ, ਤੇ ਦਰਦ ਦਾ ਹੈ ਦਰਿਆ
ਹੰਝੂਆਂ 'ਚ ਢਲ ਕੇ ਸਾਰਾ ਵਹਿਣਾ ਹੈ ਦਰਦ ਮੁਸ਼ਕਿਲ
o

ਕੁਲਵੰਤ ਜਗਰਾਉਂ ਦੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਵਿਚ ਕੁਲਵੰਤ ਨੇ ਆਪਣੇ ਸਾਰੇ ਜਹਾਨ ਨੂੰ ਅੱਖਰ ਅੱਖਰ ਕਰਕੇ ਜੜਿਆ ਹੋਇਆ ਹੈ। ਇਸ ਵਿਚ ਸੂਰਜ, ਚੰਦ, ਸਿਤਾਰੇ ਵੀ ਹਨ, ਪਿਤਾ ਪੁਰਖੇ ਵੀ ਤੇ ਉਸਦੀ ਅੰਸ਼-ਵੰਸ਼ ਦੇ ਚਿਹਰੇ ਵੀ। ਇਸ ਵਿਚ ਉਸਦਾ ਸਾਰਾ ਦਿਸਦਾ ਜਹਾਨ ਵੀ ਸ਼ਾਮਲ ਹੈ ਤੇ ਉਸਦਾ ਮਾਨਸਿਕ ਅਣਦਿਸਦਾ ਜਹਾਨ ਵੀ। ਪੂਰੀ ਕਾਇਨਾਤ, ਚੰਦ, ਸੂਰਜ, ਸਿਤਾਰੇ, ਧਰਤੀ, ਪੌਣ ਪਾਣੀ। ਕੁਲਵੰਤ ਦੀਆਂ ਸਤਰਾਂ ਹਨ:

ਪੌਣ ਪਾਣੀ
ਧਰਤੀ ਤੇ ਪਰਬਤ
ਨਦੀਆਂ, ਚਸ਼ਮੇ
ਝੀਲਾਂ, ਸਾਗਰ
ਰੁੱਖ, ਫੁੱਲ, ਬੂਟੇ
ਜੀਵ-ਜੰਤ ਤੇ ਵਣ ਤ੍ਰਿਣ
ਸਭ ਮੇਰੇ ਹਨ ਇਸ਼ਟ ਦੇਵਤੇ
ਲੈ ਸ਼ਬਦਾਂ ਦੇ ਅਸਤਰ ਸ਼ਸਤਰ
ਇਹਨਾਂ ਦੇ ਹਰ
ਦੁਸ਼ਮਣ ਨਾਲ ਮੈਂ

ਯੁੱਧ ਕਰਨਾ ਹੈ

ਇਸ ਸੰਗ੍ਰਹਿ ਵਿਚ ਜ਼ਿੰਦਗੀ ਵੀ ਸ਼ਾਮਲ ਹੈ ਤੇ ਮੌਤ ਦਾ ਸੰਕਲਪ ਵੀ। ਜ਼ਿੰਦਗੀ ਨੂੰ ਤਾਂ ਉਸਨੇ ਪਿਆਰ ਨਾਲ ਚਿਤਰਿਆ ਹੈ, ਉਸਨੇ ਮੌਤ ਦੇ ਚਿਹਰੇ ਤੋਂ ਵੀ ਖ਼ੌਫ਼ ਦੀ ਨਕਾਬ ਨੂੰ ਉਤਾਰਿਆ ਤੇ ਉਸਨੂੰ ਜ਼ਿੰਦਗੀ ਦੇ ਅੰਤ ਵਜੋਂ ਨਹੀਂ ਸਗੋਂ ਨਵੀਆਂ ਕਰੂੰਬਲਾਂ, ਸੱਜਰੇ ਫੁੱਲਾਂ ਤੇ ਨਵਜੀਵਨ ਦੀ ਸੂਚਕ ਵਜੋਂ ਚਿਤਰਿਆ ਹੈ। ਆਪਣੀ ਵਿਦਾ ਦੀ ਕਲਪਨਾ ਕਰਦਿਆਂ ਉਸ ਨੇ ਜੋ ਵਿਦਾਇਗੀ ਬੋਲ ਸਿਰਜੇ ਹਨ, ਉਨ੍ਹਾਂ ਵਿਚੋਂ ਵੀ ਉਸਦੀ ਮੋਹ-ਭਿੱਜੀ, ਜਗਦੀ ਜਾਗਦੀ, ਨਿਰਭਉ, ਪ੍ਰਬੁੱਧ ਮਾਨਸਿਕਤਾ ਦੇ ਦੀਦਾਰ ਹੁੰਦੇ ਹਨ, ਉਹ ਮਾਨਸਿਕਤਾ ਜੋ ਜ਼ਿੰਦਗੀ ਦੀ ਨਿਰੰਤਰਤਾ ਨੂੰ ਨਮਸਕਾਰ ਕਰਦੀ ਹੈ। ਇਹ ਵਿਦਾਇਗੀ ਬੋਲ ਹਨ, ਪਰ ਇਨ੍ਹਾਂ ਵਿਚ ਚਾਨਣ, ਮਹਿਕ, ਗਿਆਨ ਤੇ ਸਕੂਨ ਹੈ।

ਇਹ ਜਗਦੇ ਚਿਰਾਗ਼ਾਂ ਜਿਹੇ ਬੋਲ ਹਨ:

ਮੈਂ ਆਪਣੇ ਸਨੇਹੀਆਂ ਸੰਬੰਧੀਆਂ ਨੂੰ
ਹਰਗਿਜ਼ ਉਦਾਸ ਹੰਝੂਆਂ ਭਰੇ
ਵਿਦਾਇਗੀ ਬੋਲ ਨਹੀਂ ਦੇ ਕੇ ਜਾਵਾਂਗਾ

ਜਿਨ੍ਹਾਂ ਤੋਂ ਮੈਨੂੰ ਸਾਰੀ ਉਮਰ
ਨਿੱਘ ਤੇ ਮੋਹ ਮਿਲਿਆ ਹੈ
ਮੈਂ ਉਹਨਾਂ ਨੂੰ ਭੇਂਟ ਕਰ ਰਿਹਾ ਹਾਂ
ਆਪਣੇ ਖਿੜੇ ਫੁੱਲਾਂ ਵਰਗੇ ਰੰਗਲੇ
ਮਹਿਕਾਂ ਤੇ ਮੁਸਕਾਨਾਂ ਵੰਡਦੇ ਵਿਦਾਇਗੀ ਬੋਲ
ਤੇ ਚਾਹੁੰਦਾ ਹਾਂ ਕਿ ਉਹ ਸਦਾ ਖ਼ੁਸ਼ ਰਹਿਣ
ਮੈਨੂੰ ਹੱਸਦੇ ਹੱਸਦੇ ਵਿਦਾ ਕਰਨ
ਜਦ ਹਰ ਇਕ ਨੇ ਇਕ ਨਾ ਇਕ ਦਿਨ
ਚਲੇ ਹੀ ਜਾਣਾ ਹੈ
ਤਾਂ ਮੇਰੇ ਵਿਦਾ ਹੋਣ 'ਤੇ
ਦੁੱਖ ਪ੍ਰੇਸ਼ਾਨੀ ਦੀ
ਕਿਹੜੀ ਗੱਲ ਹੈ?

ਵੱਡੇ ਕਸ਼ਟ ਅਤੇ ਗਹਿਰੇ ਦੁੱਖ ਵਿਚੋਂ ਲੰਘਦਿਆਂ ਹੋਇਆਂ ਇਹੋ ਜਿਹੀ ਸੋਚ, ਆਸਥਾ, ਮੁਹੱਬਤ, ਹੌਂਸਲੇ, ਹੁਸਨ, ਸੱਚ, ਮੋਹ, ਕੋਮਲਤਾ, ਸੁਹਜ ਅਤੇ ਕਾਵਿਕਤਾ ਭਰੀ ਕਿਤਾਬ ਸਿਰਜਣ ਲਈ ਇਸ ਪਿਆਰੇ ਤੇ ਖ਼ੂਬਸੂਰਤ ਇਨਸਾਨ ਕਵੀ ਦੋਸਤ ਦੀ ਸ਼ਖ਼ਸੀਅਤ ਤੇ ਸ਼ਾਇਰੀ ਨੂੰ ਆਦਾਬ!

ਇਹ ਕਿਤਾਬ ਹਨ੍ਹੇਰੇ ਵਿਚ ਲਟ ਲਟ ਬਲਦੀ ਮਸ਼ਾਲ ਹੈ। ਸਾਨੂੰ ਸਭ ਨੂੰ ਹੌਂਸਲਾ, ਗਿਆਨ, ਚਾਨਣ, ਸੇਕ ਤੇ ਨਿੱਘ ਬਖ਼ਸ਼ਦੀ ਇਸ ਮਸ਼ਾਲ ਨੂੰ ਨਮਸਕਾਰ, ਮੋਹ ਤੇ ਅਪਣੱਤ ਭਰਿਆ ਅਭਿਨੰਦਨ, ਮੁਬਾਰਕ, ਸ਼ੁਭ ਇੱਛਾਵਾਂ ਤੇ ਦੁਆਵਾਂ!

**ਸੁਰਜੀਤ ਪਾਤਰ**

## • ਅੱਖਰ

ਸੱਚ ਤੇ ਸੋਚ ਸੰਵੇਦਨਾ,
ਧਾਰਨ ਜਦ ਵੀ ਰੂਪ।
ਅੱਖਰ ਉਹ ਬਣ ਜਾਂਵਦੇ,
ਸੁੰਦਰ ਅਮਰ ਅਨੂਪ।

ਅੱਖਰ ਵੰਡਦੇ ਦੋਸਤੀ,
ਤੇ ਮੋਹ ਦੀ ਖ਼ੁਸ਼ਬੋ।
ਅੱਖਰ ਚੰਨ ਦੀ ਚਾਨਣੀ,
ਤੇ ਸਰਘੀ ਦੀ ਲੋਅ।

ਬੋਲ ਵਿਹੂਣੇ ਰੰਗਲੇ,
ਮੋਹ ਭਿੱਜੇ ਜਜ਼ਬਾਤ।
ਮਿੱਤਰਾਂ ਤੱਕ ਨੇ ਪਹੁੰਚਦੇ,
ਬਣ ਅੱਖਰ ਸੌਗਾਤ।

ਲੇਖਕ ਆਪੋ ਆਪਣੇ,
ਅੱਖਰ ਦੇਣ ਜੇ ਬਾਲ।
ਜਾਵੇ ਨ੍ਹੇਰ ਦਾ ਫੂਕਿਆ,
ਸਾਰਾ ਹੀ ਫਿਰ ਜਾਲ।

ਅੱਖਰਾਂ ਦੇ ਵਿਚ ਰੌਸ਼ਨੀ,
ਤਾਕਤ ਬੇਹਿਸਾਬ।
ਅੱਖਰ ਹੀ ਬਣ ਜਾਂਵਦੇ,
ਕਿਧਰੇ ਲਾਲ ਕਿਤਾਬ।

ਭੱਖਦੇ ਅੱਖਰ ਜਦੋਂ ਵੀ,
ਅਮਲਾਂ ਵਿਚ ਢਲ ਜਾਣ।



ਪਲਟਣ ਯੁੱਗ ਮਜ਼ਦੂਰ ਨੂੰ,
ਹਾਕਮ ਉਦੋਂ ਬਨਾਣ।

ਜਾਬਰ ਤਾਨਾਸ਼ਾਹ ਨਾ,
ਸਕਦੇ ਅੱਖਰ ਮਾਰ।
ਅੱਖਰ ਡੇਗਣ ਉਨ੍ਹਾਂ ਨੂੰ,
ਉਲਟੇ ਮੂੰਹ ਦੇ ਭਾਰ।

ਅੱਖਰਾਂ ਦੇ ਵਿਚ ਗਿਆਨ ਹੈ,
ਅੱਖਰਾਂ ਦੇ ਵਿਚ ਨੂਰ।
ਅੱਖਰ ਹੈਂਕੜਬਾਜ਼ ਦਾ,
ਦੇਂਦੇ ਤੋੜ ਗ਼ਰੂਰ।

ਅੱਖਰ ਹੀ ਤਲਵਾਰ ਨੇ,
ਅੱਖਰ ਹੀ ਨੇ ਢਾਲ।
ਕੌਮਾਂ ਜ਼ਿੰਦਾ ਰਹਿਣ ਜੋ,
ਅੱਖਰ ਲੈਣ ਸੰਭਾਲ।

ਅੱਖਰਾਂ ਦਾ ਸੰਦੇਸ਼ ਵੀ,
ਮੰਨੋਂ ਸੋਚ ਵਿਚਾਰ।
ਅੰਧ-ਵਿਸ਼ਵਾਸੀ ਨਾ ਬਣੋ,
ਜੀਵਨ ਦਾ ਸੱਚ ਸਾਰ।

ਅੱਖਰਾਂ ਦੇ ਵਿਚ ਫ਼ੈਸਲੇ,
ਅੱਖਰਾਂ ਵਿਚ ਫ਼ਰਮਾਨ।
ਅੱਖਰਾਂ ਵਿਚ ਕਾਨੂੰਨ ਹਨ,
ਅੱਖਰਾਂ ਵਿਚ ਸੰਵਿਧਾਨ।

ਅੱਖਰ ਲਿਖੀਏ ਸੋਚ ਕੇ,
ਕਰੀਏ ਕਦੇ ਨਾ ਭੁੱਲ।

ਦੀਵੇ ਸਕਦੇ ਬਾਲ ਜੋ,
ਕਰ ਸਕਦੇ ਉਹ ਗੁੱਲ।

ਅੱਖਰ ਗਰੰਥ ਕਤੇਬ ਹਨ,
ਅੱਖਰਾਂ ਵਿਚ ਵਿਗਿਆਨ।
ਅੱਖਰਾਂ ਸਦਕੇ ਪਹੁੰਚਿਆ,
ਚੰਨ ਉੱਤੇ ਇਨਸਾਨ।



## • ਮੈਂ ਤੇ ਮੇਰੀ ਕਵਿਤਾ

ਤੁਸੀਂ ਹਜ਼ਾਰ ਵਾਰ ਮਿਲ ਕੇ ਵੀ
ਮੈਨੂੰ ਬਹੁਤ ਘੱਟ ਜਾਣ ਸਕੋਗੇ
ਪਰ ਮੇਰੀਆਂ ਕੁਝ ਕਵਿਤਾਵਾਂ ਪੜ੍ਹ ਕੇ ਹੀ
ਮੇਰੇ ਬਾਰੇ ਬੜਾ ਕੁਝ ਜਾਣ ਜਾਓਗੇ
ਬਚਪਨ ਵਿਚ ਮੈਂ
ਆਪਣੇ ਮਾਪਿਆਂ, ਉਸਤਾਦਾਂ ਤੋਂ
ਬੜਾ ਕੁਝ ਛੁਪਾਉਂਦਾ ਰਿਹਾ ਹਾਂ
ਵਿਆਹ ਪਿਛੋਂ ਆਪਣੀ ਪਤਨੀ ਤੋਂ ਮੈਨੂੰ
ਬੜਾ ਕੁਝ ਲੁਕਾਉਣਾ ਪਿਆ ਹੈ
ਬੜਾ ਕੁਝ ਲੁਕਾਇਆ ਹੈ ਮੈਂ
ਆਪਣੇ ਦੋਸਤਾਂ ਮਹਿਬੂਬਾਂ ਤੋਂ
ਹੁਣ ਲੁਕਾਉਣਾ ਪੈਂਦਾ ਹੈ ਬਹੁਤ ਕੁਝ
ਆਪਣੇ ਬੱਚਿਆਂ ਤੇ ਉਹਨਾਂ ਦੇ ਬੱਚਿਆਂ ਤੋਂ
ਪਰ ਮੈਂ ਆਪਣੀ ਕਵਿਤਾ ਤੋਂ
ਕੁਝ ਵੀ ਛੁਪਾ ਨਹੀਂ ਸਕਦਾ
ਇਹ ਮੇਰਾ ਅਤੀਤ, ਵਰਤਮਾਨ ਤੇ ਖ਼ਾਹਿਸ਼ਾਂ
ਅਤੇ ਮੇਰੀਆਂ ਸਭ ਨੇਕੀਆਂ ਬਦੀਆਂ ਜਾਣਦੀ ਹੈ
ਮੇਰੇ ਮਨ ਸਾਗਰ ਦੀਆਂ ਤੈਹਾਂ 'ਚ
ਜੋ ਕੁਝ ਵੀ ਬਹੁਤ ਡੂੰਘਾ ਡੁੱਬ ਚੁੱਕਾ ਹੈ
ਮੇਰੀ ਕਵਿਤਾ
ਤੁਹਾਨੂੰ ਉਹ ਵੀ ਵਿਖਾ ਸਕਦੀ ਹੈ
ਤੁਸੀਂ ਮੇਰੀ ਕਵਿਤਾ 'ਚੋਂ ਹੀ
ਮੈਨੂੰ ਪੂਰਾ ਵੇਖ ਸਕਦੇ ਹੋ।

## • ਮੇਰੀ ਪ੍ਰਤੀਬੱਧਤਾ

ਮੈਂ ਕਿਸੇ ਵੀ ਧਰਮ
ਪਾਰਟੀ ਜਾਂ ਵਾਦ ਪ੍ਰਤੀ
ਪ੍ਰਤੀਬੱਧ ਨਹੀਂ ਹਾਂ
ਮੇਰੀ ਪ੍ਰਤੀਬੱਧਤਾ ਤਾਂ
ਕਿਰਤੀਆਂ, ਕਾਮਿਆਂ
ਮਜ਼ੂਰਾਂ, ਸਿਰਜਕਾਂ
ਲਿਤਾੜੇ ਤ੍ਰਿਸਕਾਰੇ
ਸ਼ੋਸ਼ਨ ਦਾ ਸ਼ਿਕਾਰ
ਆਪਣੇ ਹੱਕਾਂ ਲਈ
ਸੰਘਰਸ਼ ਕਰ ਰਹੇ
ਲੋਕਾਂ ਨਾਲ ਹੈ
ਮੰਤਰੀਆਂ ਲੀਡਰਾਂ
ਵਿਹਲੜ ਬਾਬਿਆਂ ਤੋਂ
ਮੈਂ ਕੀ ਲੈਣਾ ਹੈ
ਪੌਣ-ਪਾਣੀ
ਧਰਤੀ ਤੇ ਪਰਬਤ,
ਨਦੀਆਂ, ਚਸ਼ਮੇਂ,
ਝੀਲਾਂ, ਸਾਗਰ,
ਰੁੱਖ, ਫੁੱਲ, ਬੂਟੇ,
ਜੀਵ-ਜੰਤ ਤੇ ਵਣ-ਤ੍ਰਿਣ
ਸਭ ਮੇਰੇ ਹਨ ਇਸ਼ਟ ਦੇਵਤੇ
ਲੈ ਸ਼ਬਦਾਂ ਦੇ ਅਸਤਰ ਸ਼ਸਤਰ
ਇਹਨਾਂ ਦੇ ਹਰ
ਦੁਸ਼ਮਣ ਨਾਲ ਮੈਂ
ਯੁੱਧ ਕਰਨਾ ਹੈ



## • ਆਦਮੀ ਤੇ ਸਾਗਰ

ਆਪਣੇ ਤਾਈਂ ਅਸਗਾਹ ਸਮਝਣ ਵਾਲਾ
ਹਜ਼ਾਰਾਂ ਮੀਲਾਂ ਵਿਚ ਫੈਲਿਆ ਵਿਸ਼ਾਲ ਸਾਗਰ
ਕੰਢੇ ਖੜੇ ਆਦਮੀ ਨੂੰ ਵੇਖ ਘੌਰੂ ਪਾਵੇ
ਵਹਿਸ਼ੀ ਹਾਸਾ ਹੱਸਦਾ
ਆਪਣੀਆਂ ਭਿਆਨਕ ਉੱਚੀਆਂ ਛੱਲਾਂ ਦਾ ਜ਼ੋਰ ਦਿਖਾਵੇ
ਪਰ ਆਦਮੀ ਹਵਾਈ ਜਹਾਜ਼ 'ਚ ਇੱਕੋ ਹੱਲੇ
ਸੈਂਕੜੇ ਹਜ਼ਾਰਾਂ ਮੀਲਾਂ 'ਚ ਫੈਲੇ ਸਾਗਰ ਨੂੰ ਟੱਪ ਜਾਵੇ
ਉਸ ਦੀਆਂ ਬੇੜੀਆਂ, ਸਮੁੰਦਰੀ ਜਹਾਜ਼
ਸਾਗਰ ਦੀ ਹਿੱਕ 'ਤੇ ਤਰਦੇ
ਭੰਨ ਦੇਣ ਉਸ ਦੀ ਹੈਂਕੜ
ਪਣਡੁਬਣੀਆਂ ਸਬਮੈਰਾਈਨਜ਼
ਸਾਗਰ ਦੇ ਧੁਰ ਅੰਦਰ ਲਹਿ ਜਾਣ
ਸਾਗਰ ਦਾ ਸੀਨਾ ਚੀਰ
ਆਦਮੀ ਕੱਢ ਲਿਆਵੇ ਅਣਮੋਲ ਮੋਤੀ
ਆਦਮੀ ਦੀ ਮੁੱਠੀ 'ਚ ਆ ਜਾਵੇ ਸਾਗਰ ਦਾ ਖ਼ਜ਼ਾਨਾ
ਕਦੀ ਕਦੀ ਜ਼ਖ਼ਮੀ, ਪਾਗ਼ਲ ਹੋਏ
ਸਾਗਰ ਦੀਆਂ ਭਿਆਨਕ ਵਿਕਰਾਲ ਲਹਿਰਾਂ
ਤੱਟਾਂ ਉੱਤੇ ਤਾਂਡਵ ਨਾਚ ਨੱਚਦੀਆਂ ਮਚਾ ਦੇਣ ਤਬਾਹੀ
ਪਰ ਆਦਮੀ ਮੁੜ ਛੇਤੀ ਹੀ
ਬਣਾ ਦੇਵੇ ਪਹਿਲਾਂ ਨਾਲੋਂ ਵੀ ਸੁੰਦਰ ਇਮਾਰਤਾਂ
ਸਕੂਲ, ਹੋਟਲ, ਹਸਪਤਾਲ, ਸੈਲਾਨੀ ਕੇਂਦਰ
ਸਾਗਰ ਦੇ ਕੰਢੇ ਵਸਦੇ ਮਛੇਰੇ
ਫਿਰ ਆਪਣੀਆਂ ਬੇੜੀਆਂ ਤੇ ਜਾਲ ਲੈ
ਗੀਤ ਗਾਉਂਦੇ ਠਿੱਲ ਪੈਣ ਸਾਗਰ ਵਿਚ
ਤੇ ਫਿਰ ਆਦਮੀ ਅੱਗੇ
ਵਿਸ਼ਾਲ ਜ਼ੋਰਾਵਰ ਸਾਗਰ, ਹੋ ਜਾਵੇ ਨਿਤਾਣਾ।

## • ਆਦਮੀ ਤੇ ਦਰਿਆ

ਆਦਮੀ ਵੇਖਣ ਨੂੰ
ਜੋ ਨਿੱਕਾ ਰਿਹਾ ਲੱਗੇ
ਸ਼ੂਕਦੇ ਦਰਿਆਵਾਂ ਨੂੰ
ਪਾ ਲਵੇ ਨੱਥ
ਬਦਲ ਦੇਵੇ ਉਹਨਾਂ ਦੇ ਵਹਿਣ
ਬੰਨ੍ਹ ਦੇਵੇ ਉਹਨਾਂ ਨੂੰ ਡੈਮਾਂ ਵਿਚ
ਦਹਾੜਦੇ ਪਾਣੀਆਂ 'ਚੋਂ
ਬਿਜਲੀ ਕਰ ਲਵੇ ਪੈਦਾ
ਹਨ੍ਹੇਰੇ ਨੂੰ ਮੇਟ, ਕਰ ਦਵੇ ਉਜਾਲਾ
ਮਸ਼ੀਨਾਂ ਉਸ ਦੀਆਂ ਗ਼ੁਲਾਮ ਬਣ
ਮੰਨਣ ਉਸ ਦਾ ਹਰ ਹੁਕਮ
ਦਰਿਆ 'ਚੋਂ ਨਹਿਰਾਂ,
ਨਹਿਰਾਂ 'ਚੋਂ ਸੂਏ, ਕੱਸੀਆਂ ਕੱਢ
ਕਰ ਦਵੇ ਮਾਰੂਥਲਾਂ ਨੂੰ ਸਰਸਬਜ਼
ਉਸਾਰ ਕੇ ਪੁਲ਼
ਮੇਲ ਦੇਵੇ ਚਿਰੀਂ ਵਿਛੁੰਨੇ ਕੰਢਿਆਂ ਨੂੰ
ਘਟਾ ਕੇ ਦੂਰੀਆਂ,
ਇਕ ਦੂਜੇ ਲਈ ਤੜਫਦੇ
ਦਿਲਾਂ ਦਾ ਮਿਲਾਪ ਕਰ ਦਵੇ ਸੁਖਾਲਾ
ਬਿੱਫਰੇ ਪਾਣੀਆਂ ਵਾਲੇ ਦਰਿਆ
ਬਣ ਜਾਣ ਚਾਕਰ ਉਸ ਦੇ
ਐਡੇ ਵੱਡੇ ਆਦਮੀ ਸਾਹਵੇਂ
ਵੱਡੇ ਵੱਡੇ ਦਰਿਆ
ਬਣ ਜਾਣ ਪਾਣੀ ਦੀਆਂ ਲਕੀਰਾਂ
ਵੇਖਣ ਨੂੰ ਜੋ ਆਦਮੀ ਨਿੱਕਾ ਜਿਹਾ ਲੱਗੇ
ਬਹੁਤ ਵੱਡਾ ਬਹੁਤ ਵੱਡਾ!
ਅਥਾਹ ਅਸੀਮ ਸ਼ਕਤੀਆਂ ਦਾ ਮਾਲਕ।



## • ਆਦਮੀ ਤੇ ਪਰਬਤ

ਅੰਬਰ ਛੋਂਹਦੇ
ਪਰਬਤ ਦੇ ਪੈਰਾਂ 'ਚ ਖਲੋਤਾ ਆਦਮੀ
ਵੇਖਣ ਨੂੰ ਬਹੁਤ ਛੋਟਾ ਜਿਹਾ ਲੱਗੇ
ਉਹਦੇ ਨਿੱਕੇ ਨਿੱਕੇ ਹੱਥ, ਨਿੱਕੇ ਨਿੱਕੇ ਪੈਰ
ਪਰਬਤ –
ਬਹੁਤ ਵੱਡਾ, ਬਹੁਤ ਉੱਚਾ
ਪਰ ਨਿੱਕੇ ਨਿੱਕੇ ਹੱਥ, ਅੰਬਰੀ ਸੋਚਾਂ
ਜਦ ਜੁੜ ਜਾਣ
ਪਰਬਤਾਂ ਨੂੰ ਚੀਰ
ਬਣਾ ਦੇਣ ਸੁਰੰਗਾਂ, ਲੰਮੀਆਂ ਸੜਕਾਂ
ਦ੍ਰਿੜ੍ਹ ਇਰਾਦੇ, ਹਿੰਮਤ
ਸੂਝ ਤੇ ਦਲੇਰੀ ਦੇ ਪਰਾਂ ਨਾਲ ਉੱਡਦਾ
ਨਿੱਕਾ ਜਿਹਾ ਆਦਮੀ
ਉੱਚੀਓਂ ਉੱਚੀ ਟੀਸੀ 'ਤੇ ਪੁੱਜ ਜਾਵੇ
ਬੱਦਲਾਂ ਤੋਂ ਉੱਚਾ
ਬਰਫ਼ ਢੱਕਿਆ ਪਰਬਤ
ਉਹਦੇ ਪੈਰਾਂ ਹੇਠ ਹੋਵੇ
ਤੋੜ ਦੇਵੇ ਉਹ ਪਰਬਤ ਦਾ ਗ਼ਰੂਰ
ਹੋ ਜਾਵੇ ਪਰਬਤ ਤੋਂ ਵੀ
ਬਹੁਤ ਉੱਚਾ ਆਦਮੀ।

## • ਮੌਤ ਤੇ ਕਵੀ

ਮੌਤ ਨੇ ਬੁੱਢੇ ਬਿਮਾਰ ਕਵੀ ਨੂੰ ਪੁੱਛਿਆ:
"ਤੂੰ ਧਰਤੀ 'ਤੇ ਕਿਹੋ ਜਿਹਾ ਜੀਵਨ ਚਾਹੁੰਦਾ ਏਂ?"
ਕਵੀ ਨੇ ਕਿਹਾ:
"ਹੱਸਦਾ ਨੱਚਦਾ
ਗਾਉਂਦਾ ਮੁਸਕਰਾਉਂਦਾ
ਖ਼ੁਸ਼ੀਆਂ, ਹੁਸਨ ਤੇ ਮੁਹੱਬਤ ਭਰਿਆ"
ਮੌਤ ਨੇ ਉਸ ਨੂੰ ਫਿਰ ਕਿਹਾ:
"ਕੀ ਇਹ ਮੇਰੇ ਬਿਨਾਂ ਸੰਭਵ ਹੈ?
ਜੇ ਮੈਂ ਨਾ ਹੋਵਾਂ
ਰੋਗ ਬੁਢਾਪਾ ਕਰੂਪਤਾ
ਦੁਖ ਦਰਦ ਪੀੜਾਂ ਨਾਲ
ਸਾਰੀ ਧਰਤੀ ਨਰਕ ਬਣ ਜਾਵੇ"
ਕਵੀ ਨੇ ਉਸ ਨੂੰ ਕਿਹਾ:
"ਪਰ ਤੂੰ ਤਾਂ
ਬੱਚਿਆਂ ਜਵਾਨਾਂ ਨੂੰ ਵੀ
ਨਹੀਂ ਬਖ਼ਸ਼ਦੀ
ਲੋਕ ਏਸੇ ਲਈ
ਤੈਨੂੰ ਤ੍ਰਿਸਕਾਰਦੇ ਨੇ"
ਮੌਤ ਨੇ ਫਿਰ ਉਸ ਨੂੰ ਕਿਹਾ:
"ਮੇਰੇ ਬਿਨਾਂ ਨਵਜੀਵਨ ਸੰਭਵ ਨਹੀਂ
ਸ਼ਾਇਰਾ! ਤੂੰ ਹਰੇ ਭਰੇ
ਲਹਿਲਹਾਉਂਦੇ ਖੇਤ ਵੇਖੇ ਨੇ
ਕਿਸਾਨ ਉਨ੍ਹਾਂ ਨੂੰ ਖ਼ੁਦ ਹੀ ਬੀਜਦਾ ਤੇ ਵੱਢਦਾ ਹੈ
ਹਰ ਨਵੀਂ ਰੁੱਤੇ
ਨਵੀਆਂ ਫ਼ਸਲਾਂ
ਝੂਮਣ ਲੱਗ ਪੈਂਦੀਆਂ ਹਨ
ਸਭ ਫ਼ਲਾਂ ਨੂੰ ਲੋਕ ਤੋੜ ਲੈਂਦੇ ਨੇ



ਅਗਲੀ ਰੁੱਤੇ ਨਵੇਂ ਫ਼ਲਾਂ ਨਾਲ
ਟਾਹਣੀਆਂ ਫਿਰ ਭਰ ਜਾਂਦੀਆਂ ਹਨ
ਬਾਗ਼ਾਂ ਵਿਚ
ਕਲੀਆਂ ਗੁਲਾਬ ਗੇਂਦੇ
ਮਾਲੀ ਤੋੜ ਲੈਂਦੇ ਹਨ
ਨਿੱਕੇ ਵੱਡੇ ਫੁੱਲਾਂ ਦੇ ਬਣ ਜਾਂਦੇ ਨੇ ਹਾਰ ਤੇ ਗਜਰੇ
ਕੁਝ ਫੁੱਲ ਹੋ ਜਾਂਦੇ ਨੇ
ਦੇਵੀ ਦੇਵਤਿਆਂ ਦੇ ਚਰਨਾਂ ਵਿਚ ਅਰਪਿਤ
ਹਰ ਰੋਜ਼ ਅਗਲੇ ਦਿਨ
ਤੇ ਹੌਲੀ ਹੌਲੀ ਅਗਲੀ ਰੁੱਤੇ
ਫੁੱਲਾਂ ਦੇ ਬੂਟੇ
ਨਵੇਂ ਫੁੱਲਾਂ ਨਾਲ ਲੱਦੇ ਜਾਂਦੇ ਹਨ
ਕਵੀ ਸੋਚੀਂ ਪੈ ਗਿਆ
ਮੌਤ ਨੇ ਕਿਹਾ:
"ਲੋਕ ਮੈਥੋਂ ਐਵੇਂ ਫ਼ਜ਼ੂਲ ਡਰਦੇ ਨੇ
ਮੈਂ ਤਾਂ ਨਵਜੀਵਨ ਦੀ ਸੂਚਕ ਹਾਂ।"
26.12.2007

## • ਮੈਂ ਤੇ ਮੌਤ

*ਇੱਕ*

ਖੌਰੂ ਪਾਉਂਦੀ ਬੂਹਾ ਭੰਨਦੀ
ਮੌਤ ਆ ਕੇ ਮੁੜ ਗਈ ਹੈ
ਉਹ ਸੋਚਦੀ ਹੋਵੇਗੀ ਕਿ ਮੈਂ ਡਰ ਗਿਆ ਹਾਂ
ਗਿੜਗਿੜਾਵਾਂਗਾ
ਉਸ ਤੋਂ ਰਹਿਮ ਦੀ ਭੀਖ ਮੰਗਾਗਾਂ
ਪਰ ਮੈਂ ਤਾਂ ਬੇਖ਼ੌਫ਼ ਹੋ
ਜ਼ਿੰਦਗੀ ਦੀ ਕਵਿਤਾ ਲਿਖ ਰਿਹਾ ਹਾਂ
ਅਤੇ ਗਾ ਰਿਹਾ ਹਾਂ ਮੁਹੱਬਤ ਤੇ ਅਮਨ ਦੇ ਗੀਤ
ਪਾ ਰਿਹਾ ਹਾਂ ਸ਼ਬਦਾਂ ਦੀ ਸਤਰੰਗੀ ਪੀਂਘ
ਰੰਗ-ਬਿਰੰਗੇ ਫੁੱਲ ਚਿਤਵਦਾ
ਕਰ ਰਿਹਾ ਹਾਂ ਉਹਨਾਂ ਨਾਲ ਗੱਲਾਂ
ਤੇ ਛੂਹ ਰਿਹਾ ਹਾਂ
ਉਹਨਾਂ ਦੀਆਂ ਨਾਜ਼ੁਕ ਮੁਲਾਇਮ ਪੱਤੀਆਂ
ਮੇਰੀਆਂ ਨਜ਼ਰਾਂ 'ਚ ਤੈਰ ਰਹੇ ਨੇ
ਮਾਸੂਮ ਬੱਚਿਆਂ ਦੇ ਫੁੱਲਾਂ ਜਿਹੇ ਚਿਹਰੇ
ਤੇ ਉਹਨਾਂ ਦੀ ਮਨਮੋਹਣੀ ਮੁਸਕਾਨ
ਬਾਲ ਰਿਹਾ ਹਾਂ ਮੈਂ ਹਰਫ਼ਾਂ ਦੇ ਚਿਰਾਗ਼
ਤੇ ਮੈਂ ਇਕ ਨਵਾਂ ਗੀਤ ਲਿਖਿਆ ਹੈ
ਕਿਰਤੀਆਂ ਦਾ
ਸਰਘੀ ਦੀ ਮੰਜ਼ਿਲ ਪਾਉਣ ਲਈ
ਹਿੰਮਤ ਕਰੋ, ਮਿਲ ਕੇ ਚੱਲੋ
ਫਿਰ ਤੁਸੀਂ ਲੈ ਆਓਗੇ
ਆਪਣੇ ਘਰਾਂ ਵਿਚ ਰੌਸ਼ਨੀ
ਖੌਰੂ ਪਾਉਂਦੀ ਬੂਹਾ ਭੰਨਦੀ
ਮੌਤ ਕਦ ਦੀ ਮੁੜ ਗਈ ਹੈ।



*ਦੋ*

ਰਾਤ ਅੱਧੀ ਬੀਤ ਗਈ ਹੈ
ਮੇਰੇ ਬੂਹੇ 'ਤੇ ਮੌਤ ਦਸਤਕ ਦੇ ਰਹੀ ਹੈ ਬਾਰ ਬਾਰ
ਤੇ ਮੈਂ ਗੀਤ ਗਾਉਂਦਾ ਮੁਸਕ੍ਰਾਉਂਦਾ
ਚੁੱਪ ਹੋ ਗਿਆ ਹਾਂ
ਸੁਣ ਰਿਹਾ ਹਾਂ ਹੁਣ ਮੈਂ
ਬੁੱਧ, ਨਾਨਕ, ਕਬੀਰ ਦੇ ਸੱਚੇ ਅਮਰ ਬੋਲਾਂ ਨੂੰ
ਸ਼ਾਹ ਹੁਸੈਨ, ਬੁੱਲ੍ਹੇ ਦੀਆਂ ਕਾਫ਼ੀਆਂ
ਮਨ 'ਚੋਂ ਦੂਈ ਦਵੈਤ ਮੇਟ ਦਿਤੀ ਹੈ
ਤੇ ਫਿਰ ਅਚਾਨਕ
ਮਾਰਕਸ, ਲੈਨਿਨ, ਗੋਰਕੀ, ਮਾਓ ਤੇ ਹੋ ਚੀ ਮਿੰਨ
ਮੈਨੂੰ ਥਾਪੜਾ ਦੇਣ ਲਈ
ਮੇਰੇ ਪੰਜੇ ਮੁਰਸ਼ਦ ਆ ਗਏ ਹਨ
ਤੇ ਉਹਨਾਂ ਨੇ ਮੁੜ ਬਾਲ ਦਿੱਤੇ ਹਨ
ਬੁਝ ਚੁੱਕੇ ਸਾਰੇ ਚਿਰਾਗ਼
ਰੌਸ਼ਨੀ ਦੀ ਨੈਂਅ 'ਚ ਤਰਦਾ
ਮੈਂ ਆ ਗਿਆ ਹਾਂ ਖ਼ਲੀਲ ਜ਼ਿਬਰਾਨ, ਓਸ਼ੋ ਦੇ
ਚਿੰਤਨ ਸਰੋਵਰਾਂ ਦੇ ਕੰਢਿਆਂ 'ਤੇ
ਇਹਨਾਂ ਦੇ ਗਿਆਨ ਜਲ ਨੇ ਬੁਝਾ ਦਿਤੀ ਹੈ
ਮੇਰੀ ਵਿਆਕੁਲ ਰੂਹ ਦੀ ਪਿਆਸ
ਵਾਸ਼ਨਾਵਾਂ, ਚਿੰਤਾਵਾਂ ਦੇ ਕਪੜੇ ਉਤਾਰ
ਇਹਨਾਂ 'ਚ ਨਹਾ ਕੇ ਮੈਂ
ਤਨ, ਮਨ ਉਜਲਾ ਕਰ ਲਿਆ ਹੈ
ਭੈਅ, ਨਫ਼ਰਤ ਤੇ ਪੰਜਾਂ ਦੇ ਪੰਜੇ ਚੋਂ ਮੁਕਤ ਹੋ
ਹੁਣ ਮੈਂ ਸਭ ਨੂੰ ਹੱਸਦੇ ਹੱਸਦੇ
ਅਲਵਿਦਾ ਕਹਿਣ ਲਈ ਤਿਆਰ ਬੈਠਾ ਹਾਂ
ਪਰ ਮੌਤ ਆ ਕੇ ਮੁੜ ਗਈ ਹੈ
ਤੇ ਹੁਣ ਫਿਰ ਪਹੁ ਫੁਟਾਲਾ ਹੋ ਗਿਆ ਹੈ।

## • ਸਵੈ-ਜੀਵਨੀ

ਮੇਰੇ ਵਿਚ ਐਨੀ ਜੁਰਅਤ ਨਹੀਂ
ਕਿ ਮੈਂ ਲਿਖ ਸਕਾਂ
ਆਪਣੀ ਪੂਰੀ ਸਹੀ ਸਵੈ-ਜੀਵਨੀ
ਸਵੈ-ਜੀਵਨੀ ਲਿਖਣੀ ਤਾਂ
ਸੱਚ ਦੇ ਦਰਪਣ ਦੇ
ਰੂ-ਬ-ਰੂ ਹੋਣਾ ਹੁੰਦਾ ਹੈ
ਆਪਣੇ ਕੀਤੇ ਚੰਗੇ-ਮੰਦੇ ਦਾ
ਕਰਨਾ ਹੁੰਦਾ ਹੈ ਵਰਨਣ
ਆਪਣੇ ਗੁਨਾਹਾਂ ਤੇ ਔਗੁਣਾਂ ਦਾ
ਕਰਨਾ ਹੁੰਦਾ ਹੈ ਇਕਬਾਲ
ਬਹੁਤ ਮੁਸ਼ਕਲ ਹੈ
ਸੱਚ ਲਿਖਣਾ
ਆਪਣੀ ਸਵੈ-ਪ੍ਰਸ਼ੰਸਾ
ਕਦੀ ਵੀ
ਸਵੈ-ਜੀਵਨੀ ਨਹੀਂ ਹੁੰਦੀ
ਮੈਂ ਤਾਂ ਵੱਧ ਤੋਂ ਵੱਧ
ਪੂਣੀ ਦੀ ਤੰਦ ਹੀ ਛੋਹ ਸਕਦਾ ਹਾਂ
ਜੇ ਆਪਣੇ ਸਾਰੇ ਕੰਮਾਂ ਬਾਰੇ ਲਿਖਾਂ
ਤਾਂ ਉਸ ਨੂੰ ਪੜ੍ਹ ਕੇ
ਮੇਰੇ ਬੱਚੇ ਲੱਜਤ ਹੋ ਜਾਣਗੇ
ਭਾਵੇਂ ਉਹਨਾਂ 'ਚੋਂ ਕਈ ਕੰਮ ਮੈਨੂੰ
ਗ਼ਰੀਬੀ ਤੇ ਹਾਲਾਤ ਦੀ
ਮਜ਼ਬੂਰੀ ਕਾਰਨ ਹੀ ਕਰਨੇ ਪਏ ਸਨ
ਸਤਵੀਂ ਪੜ੍ਹਦੇ ਤੜਕੇ ਉੱਠ ਕੇ
ਸਿਆਲੇ ਦੀ ਅਤਿ ਠੰਡੀ ਰੁੱਤੇ
ਲੋਕ ਸੀ ਹੁੰਦੇ
ਵਿੱਚ ਰਜਾਈਆਂ ਦੇ ਜਦ ਸੁੱਤੇ



ਡੇਅਰੀ ਦਾ ਦੁੱਧ, ਡਬਲ ਰੋਟੀਆਂ
ਵੇਚਣ ਸੀ ਮੈਂ ਜਾਇਆ ਕਰਦਾ
ਤਿੰਨ ਘੰਟੇ ਵਿਚ
ਬਾਰਾਂ ਚੌਦਾਂ ਆਨੇ ਖੱਟ ਕੇ
ਘਰ ਵਾਪਸ ਲੈ ਆਇਆ ਕਰਦਾ
ਇਕ ਵਾਰ ਘਰ ਦਾ ਰਾਸ਼ਨ ਮੁੱਕ ਗਿਆ ਸੀ
ਬਾਪ ਨਾਲ ਰਾਸ਼ਨ ਡੀਪੂ ਤੋਂ
ਕਣਕ ਲੈਣ ਗਏ ਨੇ ਡੀਪੂ ਵਾਲੇ ਦੇ
ਦਸ ਰੁਪਏ ਚੁਰਾਏ ਸਨ
ਘਰ ਆ ਨੋਟ ਲੱਭਣ ਦਾ
ਝੂਠ ਬੋਲਿਆ ਸੀ
ਸੱਚ ਪਤਾ ਲੱਗਣ 'ਤੇ
ਬਾਪ ਤੋਂ ਕੁੱਟ ਤੇ ਗਾਲ੍ਹਾਂ ਖਾਧੀਆਂ ਸਨ
ਰੋਂਦੀ ਮਾਂ ਨੇ
ਕਲੇਜੇ ਨਾਲ ਲਾ ਕੇ ਆਖਿਆ ਸੀ
ਪੁੱਤਰ ਫਿਰ ਕਦੀ ਚੋਰੀ ਨਾ ਕਰੀਂ
ਪਰ ਘਰ 'ਚ ਰਾਸ਼ਨ ਆ ਗਿਆ ਸੀ

ਗਰਮੀਆਂ ਨੂੰ ਲੁਕ ਪਿਘਲੀ ਸੜਕ 'ਤੇ
ਟਾਇਰਾਂ ਦੀਆਂ ਚੱਪਲਾਂ ਪਾ
ਸਕੂਲ ਪੜ੍ਹਨ ਜਾਂਦਾ ਸੀ
ਸਰਦੀਆਂ ਨੂੰ ਪਾਉਣ ਲਈ
ਸਵੈਟਰ ਵੀ ਨਹੀਂ ਸੀ ਹੁੰਦਾ
ਇਕ ਖੇਸੀ ਦੀ ਬੁੱਕਲ ਮਾਰੀ ਹੁੰਦੀ ਸੀ
ਤੇ ਦਸਵੀਂ 'ਚੋਂ
ਫਸਟ ਡਵੀਜ਼ਨ ਲੈ ਕੇ ਵੀ
ਰਿਕਸ਼ਾ ਚਲਾਇਆ ਸੀ, ਫਿਰ ਟਿਊਸ਼ਨਾਂ ਪੜ੍ਹਾ
ਕੁਝ ਪੈਸੇ ਜੋੜ, ਜੇ.ਬੀ.ਟੀ. ਕਰਨ ਦਾ
ਜੁਗਾੜ ਬਣਾਇਆ ਸੀ।
ਬੇਸਿਕ 'ਚ ਪੜ੍ਹਦਿਆਂ

ਜਦ ਮੇਰੇ 'ਤੇ ਮੇਰੇ ਇੱਕ ਦੋਸਤ ਦੀਆਂ ਜੇਬਾਂ
ਹੁੰਦੀਆਂ ਸਨ ਖ਼ਾਲੀ
ਤਾਂ ਅਸੀਂ
ਸਮਸ਼ਾਨ ਘਾਟ ਦੇ ਮੰਦਰ ਵਿਚੋਂ
ਚੋਰੀ ਕਰ ਲਿਆ ਕਰਦੇ ਸੀ
ਪੈਸੇ, ਨਿੱਕੀ ਮੋਟੀ ਭਾਨ
ਮੈਂ ਪੜ੍ਹੀ ਸੀ ਗੀਤਾ
ਓਥੋਂ ਹੀ ਚੁਰਾ ਕੇ
ਕਿਰਾਇਆ ਨਾ ਹੋਣ ਕਾਰਨ
ਮੈਂ ਤੇ ਮੇਰਾ ਉਹ ਦੋਸਤ
ਜਦੋਂ ਰਾਤੀਂ ਗੱਡੀ ਵਿਚ
ਆਪਣੇ ਘਰ ਆ ਰਹੇ ਹੁੰਦੇ ਸੀ
ਤਾਂ ਟੀ.ਟੀ. ਤੋਂ ਬਚਣ ਲਈ
ਰਾਤ ਦੇ ਹਨੇਰੇ ਵਿਚ
ਚਲਦੀ ਗੱਡੀ ਦੇ ਡੱਬੇ ਬਦਲ ਲੈਂਦੇ ਸਾਂ
ਮੌਤ ਦੇ ਨਾਲ ਲੁਕਣਮੀਟੀ ਖੇਡਦੇ ਸਾਂ

ਇਹ ਵੀ ਸੱਚ ਹੈ ਕਿ ਮੈਂ
ਰੱਦੀ 'ਚੋਂ ਕਿਤਾਬਾਂ ਖਰੀਦ
ਕਮੇਟੀ ਦੀਆਂ ਲੈਂਪਾਂ 'ਚੋਂ ਤੇਲ ਚੋਰੀ ਕਰ
ਦਸਵੀਂ 'ਚ ਅੱਧੀ ਰਾਤ ਤੱਕ ਪੜ੍ਹਿਆ ਕਰਦਾ ਸੀ
ਤੇ ਵਿਆਹ ਤੋਂ ਪਿੱਛੋਂ
ਪਤਨੀ ਦੇ ਕਹਿਣ 'ਤੇ
ਐਮ.ਏ. ਅੰਗ੍ਰੇਜ਼ੀ
ਤੇ ਬੀ.ਐੱਡ. ਦੀ ਪੜ੍ਹਾਈ ਕਰ
ਪ੍ਰਾਇਮਰੀ ਮਾਸਟਰ ਤੋਂ
ਲੈਕਚਰਾਰ ਦੇ ਡੰਡੇ ਤਕ ਪਹੁੰਚਿਆ ਸਾਂ

ਦੋਸਤੋ! ਤੁਸੀਂ ਆਖਦੇ ਹੋ
ਕਿ ਮੈਂ ਆਪਣੇ ਕੀਤੇ ਕੁਝ ਭਲੇ ਕੰਮਾਂ



ਬਾਰੇ ਵੀ ਕੁਝ ਦੱਸਾਂ ਪਰ
ਇਹ ਤਾਂ ਆਪਣੇ ਮੂੰਹ
ਆਪ ਮੀਆਂ ਮਿੱਠੂ ਬਣਨ ਵਾਲੀ
ਗੱਲ ਹੋਵੇਗੀ
ਉਂਞ ਹਰ ਬੰਦਾ
ਨੇਕੀ ਤੇ ਬੁਰਾਈ ਦਾ
ਮਿਸ਼ਰਣ ਹੁੰਦਾ ਹੈ
ਅਤੇ ਮੈਂ ਵੀ
ਇਕ ਇਨਸਾਨ ਹਾਂ

ਮੇਰੇ ਕੀਤੇ ਪੁੱਠੇ ਕੰਮਾਂ ਦੀ ਸੂਚੀ
ਬੜੀ ਲੰਬੀ ਹੈ
ਬੇਗਾਨੀਆਂ ਔਰਤਾਂ ਮਗਰ
ਬੜੇ ਧੱਕੇ ਖਾਧੇ ਹਨ
ਆਪਣੀ ਪਤਨੀ ਦੀ
ਵਫ਼ਾ ਨੂੰ ਚੁਰਾਇਆ ਹੈ
ਉਸ ਦਾ ਦਿਲ ਦੁਖਾਇਆ ਹੈ
ਏਸੇ ਲਈ ਤਾਂ ਮੈਂ ਆਖਦਾ ਹਾਂ
ਕਿ ਮੈਂ ਨਹੀਂ ਲਿਖ ਸਕਾਂਗਾ
ਆਪਣੀ ਪੂਰੀ ਸਹੀ ਸਵੈ-ਜੀਵਨੀ
ਸਵੈ-ਜੀਵਨੀ ਤਾਂ ਉਹ ਲਿਖਦੇ ਨੇ
ਜਿਨ੍ਹਾਂ ਨੇ ਜੀਵਨ ਵਿਚ ਕੀਤੀ ਹੋਵੇ
ਕੋਈ ਬਹੁਤ ਵੱਡੀ ਪ੍ਰਾਪਤੀ
ਮੇਰੇ ਵਰਗੇ ਬੰਦੇ ਦੀ
ਸਵੈ-ਜੀਵਨੀ ਕੀ ਅਰਥ ਰੱਖਦੀ ਹੈ।

## • ਮੇਰਾ ਪੁਲਸੀਆ ਬਾਪ

ਮੇਰੇ ਪੁਲਸੀਏ ਬਾਪ ਨੂੰ ਗੁਜ਼ਰੇ
ਬੜੇ ਸਾਲ ਬੀਤ ਗਏ ਨੇ
ਪਰ ਪਤਾ ਨਹੀਂ ਅੱਜ ਜਦ ਮੈਂ
ਖ਼ੁਦ ਕੰਧੀ ਉੱਤੇ ਰੁੱਖੜਾ ਹਾਂ ਤਾਂ
ਮੈਨੂੰ ਆਪਣੇ ਬਾਪ ਦੇ ਦੋ ਰੂਪ
ਮੁੜ ਮੁੜ ਚੇਤੇ ਆ ਰਹੇ ਨੇ
ਪਾਕਿਸਤਾਨ ਵਿਚ
ਉਸ ਦੀ ਤੁਰ੍ਹੇ ਵਾਲੀ ਪੱਗ
ਕੁੰਡੀਆਂ ਮੁੱਛਾਂ ਵੇਖ
ਬਦਮਾਸ਼ ਡਰਦੇ ਸਨ
ਤੇ ਉਸ ਦਾ ਪਾਣੀ ਭਰਦੇ ਸਨ
ਸਿਪਾਹੀ ਹੁੰਦਿਆਂ ਵੀ
ਉਸ ਦੀ ਟੌਹਰ ਥਾਣੇਦਾਰ ਤੋਂ ਘੱਟ ਨਹੀਂ ਸੀ
ਘਰ ਵਿਚ ਲਹਿਰਾਂ ਬਹਿਰਾਂ ਸਨ
ਦੇਸੀ ਘਿਉ ਦੀਆਂ ਸਨ ਭਰੀਆਂ ਰਹਿੰਦੀਆਂ ਗਾਗਰਾਂ
ਨੋਟਾਂ ਨਾਲ ਘਰ ਭਰਿਆ ਰਹਿੰਦਾ ਸੀ
ਮਾਂ ਹਰ ਮਹੀਨੇ
ਕੋਈ ਨਾ ਕੋਈ ਨਵਾਂ ਗਹਿਣਾ ਬਣਵਾ ਲੈਂਦੀ
ਨਵੇਂ ਸੂਟ ਸਵਾ ਲੈਂਦੀ
ਮੇਰਾ ਬਾਪ ਜਿਧਰੋਂ ਵੀ ਲੰਘਦਾ ਸੀ
ਲੋਕ ਸਲਾਮ ਕਰਦੇ ਸਨ
ਉਹ ਕਿਸੇ ਨਵਾਬ ਤੋਂ ਘੱਟ ਨਹੀਂ ਸੀ ਜਾਪਦਾ
ਉਸ ਦੇ ਚਿਹਰੇ ਦਾ ਜਲਾਲ
ਉਸ ਦੇ ਪੱਕੇ ਰੰਗ 'ਤੇ
ਮਾਤਾ ਦੇ ਦਾਗ਼ਾਂ ਨਾਲ ਭਰੇ ਚਿਹਰੇ ਨੂੰ
ਢੱਕ ਲੈਂਦਾ ਸੀ
ਅੰਨ੍ਹਾ ਜ਼ੋਰ ਸੀ ਉਸ ਵਿਚ



ਤੇ ਲੋਹੜੇ ਦਾ ਸੀ ਹੌਂਸਲਾ
ਦੋ ਤਿੰਨ ਵੈਲੀਆਂ ਨੂੰ
'ਕੱਲਾ ਹੀ ਕੁਝ ਨਹੀਂ ਸੀ ਜਾਣਦਾ

ਪਰ ਦੇਸ਼ ਦੀ ਵੰਡ ਪਿੱਛੋਂ
ਏਧਰ ਆ ਉਹ ਨਾਨਕਸਰੀਆ ਬਣ ਗਿਆ
ਛੱਡ ਦਿੱਤੀ ਉਸ ਨੇ ਰਿਸ਼ਵਤ ਲੈਣੀ ਤੇ ਸ਼ਰਾਬ
ਮੀਟ ਅੰਡਾ ਖਾਣੋਂ ਤੋਬਾ ਕਰ ਲਈ
ਡੰਡੇ ਨਾਲ ਦੂਸਰੇ ਹੱਥ
ਮਾਲਾ ਉਸ ਨੇ ਫੜ ਲਈ
ਘਰ ਵਿਚ ਭੰਗ ਭੁਜਣ ਲੱਗ ਪਈ
ਤੇ ਉਹ ਕਦੀ ਕਦੀ ਭੰਗ ਪੀਣ ਲਗ ਗਿਆ
ਕਦੇ ਕਦੇ ਜਦ
ਮੇਰੀ ਮਾਂ ਨੂੰ ਤੇ ਮੈਨੂੰ
ਉਹ ਕੁੱਟਦਾ ਤੇ ਗਾਲਾਂ ਕੱਢਦਾ
ਤਾਂ ਮੈਨੂੰ ਉਹ ਬੜਾ ਬੁਰਾ ਲੱਗਦਾ
ਪਰ ਫਿਰ ਵੀ ਅਸਲ ਵਿਚ
ਉਹ ਬਹੁਤ ਚੰਗਾ ਸੀ
ਭਾਵੇਂ ਉਹ ਆਪ
ਤਿੰਨ ਜਮਾਤਾਂ ਹੀ ਪੜ੍ਹਿਆ ਸੀ
ਪਰ ਸੰਮਨ ਤਾਮੀਲ ਕਰਵਾਉਣ ਗਿਆ
ਸਕੂਲਾਂ ਦੇ ਬੱਚਿਆਂ ਨੂੰ
ਕਲਮਾਂ ਘੜ ਕੇ ਦੇ ਆਉਂਦਾ

ਲੰਮਾ ਪੈਂਡਾ ਮਾਰ ਜਦ ਸ਼ਾਮੀਂ
ਥੱਕਿਆ ਟੁੱਟਿਆ ਘਰ ਮੁੜਦਾ
ਤਾਂ ਉਸ ਦੇ ਕੈਨਵਸ ਦੇ ਝੋਲੇ ਵਿਚ
ਸਾਡੇ ਲਈ ਹੁੰਦਾ ਸੀ ਮਰੂੰਡਾ ਤੇ ਦਾਣੇ
ਮੈਂ ਉਸ ਦੇ ਬੂਟਾਂ ਦੇ ਤਸਮੇਂ ਖੋਹਲ
ਜਦ ਜੁਰਾਬਾਂ ਉਤਾਰਦਾ

ਤਾਂ ਬੜੀ ਹਮਕ ਆਉਂਦੀ
ਉਹ ਮੈਨੂੰ ਪਿਆਰ ਨਾਲ ਘੁੱਟ
ਆਪਣੀ ਹਿੱਕ ਨਾਲ ਲਾ ਲੈਂਦਾ
ਅਚਾਰ ਨਾਲ ਰੁੱਖੀ ਰੋਟੀ ਖਾ ਕੇ ਵੀ
ਰੱਬ ਦਾ ਸੌ ਸੌ ਸ਼ੁਕਰ ਕਰਦਾ
ਸਵੇਰੇ 'ਜਪੁਜੀ' ਤੇ ਸ਼ਾਮੀਂ
'ਰਹਿਰਾਸ' ਦਾ ਪਾਠ ਕਰਦਾ
ਬੜੀ ਸੁਰ ਵਿਚ 'ਸੁਖਮਨੀ ਸਾਹਿਬ'
ਪੜ੍ਹ ਕੇ ਸੁਣਾਉਂਦਾ
ਗੁਰੂ ਦੀ ਮਹਿਮਾ ਉਹ ਗਾਉਂਦਾ
ਮੇਰਾ ਮਿਹਨਤੀ ਸੰਤੋਖੀ ਬਾਪ
ਅਸਲ ਵਿਚ ਬਹੁਤ ਚੰਗਾ ਸੀ
ਜਿਸ ਦੀ ਚਿੱਟੀ ਪੱਗ, ਚਿੱਟੇ ਕੁੜਤੇ
ਅਤੇ ਹੱਥ ਵਿਚ ਫੜੇ ਸਿਮਰਨੇ ਵੇਖ
ਲੋਕ ਉਸ ਨੂੰ ਗਿਆਨੀ ਜੀ ਕਹਿਣ ਲੱਗ ਪਏ ਸਨ



## • ਮੇਰੀ ਪਤਨੀ

ਮੇਰੀ ਪਤਨੀ
ਨੇਕੀ ਸੇਵਾ ਦਇਆ ਦੀ ਮੂਰਤ
ਇਹ ਮੇਰੇ ਲਈ
ਅੱਜ ਵੀ ਸਭ ਤੋਂ ਪਿਆਰੀ ਸੂਰਤ
ਵਿਚ ਜਵਾਨੀ ਇਹ ਸੀ ਮੇਰੀ
ਪਰੀ ਜਿਹੀ ਸੁੰਦਰ ਮਹਿਬੂਬਾ
ਜਿਸ ਮੇਰੇ ਨਾਲ ਵਿਆਹ ਕਰਵਾਇਆ
ਹਰ ਦੁੱਖ ਮੁਸ਼ਕਿਲ ਤੇ ਸੰਕਟ ਵਿਚ
ਮੇਰਾ ਪੂਰਾ ਸਾਥ ਨਿਭਾਇਆ

ਬੇਟੇ ਬੇਟੀ ਤਾਈਂ
ਚੰਗੀ ਸਿੱਖਿਆ ਦਿੱਤੀ
ਖ਼ੂਬ ਪੜ੍ਹਾਇਆ
ਅਤੇ ਸਮਾਜ 'ਚ
ਮਾਣਮੱਤੀ ਥਾਂ 'ਤੇ ਪਹੁੰਚਾਇਆ।

ਮੇਰੀ ਪਤਨੀ
ਜੋ ਆਪਣੀ ਨੂੰਹ ਰਾਣੀ ਨੂੰ ਵੀ
ਧੀ ਵਾਂਗ ਹੀ ਪਿਆਰ ਹੈ ਕਰਦੀ
ਆਪਣੇ ਪੋਤੇ ਪੋਤੀ ਉੱਤੋਂ
ਵਾਰੀ ਜਾਵੇ, ਸਦਕੇ ਜਾਵੇ
ਧੀ ਤੇ ਦੋਹਤੇ ਦੀ ਵੀ ਹਰ ਇਕ ਰੀਝ ਪੁਗਾਵੇ
ਘਰ ਤਾਈਂ ਇਸ ਸਵਰਗ ਬਣਾਇਆ
ਹੱਸ ਕੇ ਹਰ ਇਕ ਫ਼ਰਜ਼ ਨਿਭਾਇਆ

ਭਾਵੇਂ ਉਹ ਹੁਣ
ਆਪਣੇ ਗੋਰੇ ਰੰਗ ਦੇ ਵਰਗੇ

ਚਾਂਦੀ ਰੰਗੇ ਵਾਲਾਂ ਵਾਲੀ ਹੋ ਚੁੱਕੀ ਹੈ
ਤੇ ਅਕਸਰ ਬਿਮਾਰ ਹੈ ਰਹਿੰਦੀ
ਐਪਰ ਹਿੰਮਤ ਕਦੀ ਨਾ ਹਾਰੇ
ਉਸ ਦੇ ਜਾਵਾਂ ਮੈਂ ਬਲਿਹਾਰੇ
ਨਿੱਤ ਸਵੇਰੇ ਤੜਕੇ ਉੱਠੇ
ਲਹੂ ਲਿੱਬੜੀਆਂ
ਥੁੱਕਾਂ ਮੇਰੀਆਂ ਤਾਈਂ ਸੁੱਟੇ
ਮੈਨੂੰ ਚਾਹ ਦੇ
ਪਾਠ ਹੈ ਕਰਦੀ, ਕੀਰਤਨ ਸੁਣਦੀ
ਉਹ ਹੈ ਪੱਕੀ ਆਪਣੀ ਧੁਨ ਦੀ
ਤੰਦਰੁਸਤੀ ਤੇ ਲੰਮੀ ਮੇਰੀ ਉਮਰ ਵਾਸਤੇ
ਹਰ ਰੋਜ਼ ਅਰਦਾਸ ਹੈ ਕਰਦੀ

ਤਿੰਨ ਸਾਲਾਂ ਤੋਂ
ਮੇਰੇ ਕੈਂਸਰ ਰੋਗ ਸਮੇਂ ਉਹ
ਮੇਰੀ ਜੀਵਨ ਢਾਲ ਬਣੀ ਹੈ
ਦਿਨੇ ਰਾਤ ਜੋ ਸੇਵਾ ਕਰਦੀ
ਮੈਨੂੰ ਨਿੱਤ ਹੌਂਸਲਾ ਦਿੰਦੀ
ਤੇ ਕਹਿੰਦੀ ਹੈ:
"ਤੁਹਾਨੂੰ ਕੁਝ ਵੀ ਹੋਣ ਨਹੀਂ ਲੱਗਾ
ਸਤਿਗੁਰ ਸੱਚੇ ਪਾਤਸ਼ਾਹ ਨੇ
ਸਭ ਕੁਝ ਠੀਕ ਹੀ ਕਰ ਦੇਣਾ ਹੈ।"
ਆਪਣੇ ਪੁੱਤਰ ਨੂੰ ਉਹ ਆਖੇ
ਐਵੇਂ ਫ਼ਿਕਰ ਨਾ ਕਰਿਆ ਕਰ ਤੂੰ
ਤੇਰੇ ਡੈਡੀ ਠੀਕ ਹੋ ਜਾਣੈਂ
ਬੇਟਾ ਐਵੇਂ ਕਿਉਂ ਘਬਰਾਣੈਂ

ਉਸ ਦੀਆਂ ਸਿੱਲ੍ਹੀਆਂ ਅੱਖਾਂ 'ਚੋਂ ਪਰ
ਦਰਦ ਮੈਂ ਉਸ ਦਾ ਪੜ੍ਹ ਲੈਂਦਾ ਹਾਂ
ਚੁੱਪ ਰਹਿੰਦਾ ਹਾਂ



ਮੈਂ ਹਾਂ ਪਿਆ ਸੋਚਦਾ ਰਹਿੰਦਾ
ਆਪਣੀ ਪਤਨੀ ਨਾਲ ਮੈਂ ਕਿੰਨੀ
ਕਰਦਾ ਰਿਹਾ ਹਾਂ ਬੇਇਨਸਾਫ਼ੀ
ਇਸ ਦਾ ਜੇਰਾ ਕਿੰਨਾ ਵੱਡਾ
ਜਿਸ ਨੇ ਮੇਰੇ ਹਰ ਔਗੁਣ ਨੂੰ ਅਣਡਿੱਠ ਕੀਤਾ

ਹੁਣ ਜੇਕਰ ਅਫ਼ਸੋਸ ਹੈ ਮੈਨੂੰ
ਤਾਂ ਇਸ ਗੱਲ ਦਾ
ਕਿਉਂ ਨਾ ਆਪਣੀ ਪਤਨੀ ਦੀ ਮੈਂ
ਝੋਲੀ ਦੇ ਵਿਚ ਖ਼ੁਸ਼ੀਆਂ ਪਾਈਆਂ
ਵਿਚ ਜਵਾਨੀ ਕਿਉਂ ਨਾ ਉਸ ਦੀਆਂ
ਰੀਝਾਂ, ਸੱਧਰਾਂ ਮੈਂ ਪੁਗਾਈਆਂ।

ਇੱਕ

## • ਪਾਪਾ ਮੇਰੀਆਂ ਅੱਖਾਂ ਲੈ ਲੋ

ਉਸ ਦੀ ਨੰਨ੍ਹੀ-ਮੁੰਨੀ ਧੀ ਨੇ
ਉਸ ਨੂੰ ਪੁੱਛਿਆ:
"ਪਾਪਾ ਅੱਖਾਂ ਤੁਹਾਡੀਆਂ
ਬਹੁਤ ਦੁਖਦੀਆਂ"
ਓਸ ਆਖਿਆ:
"ਹਾਂ ਮੇਰੀ ਬੱਚੀਏ!"
ਕੁੜੀ ਆਖਿਆ:
"ਪਾਪਾ ਤੁਸੀਂ ਮੇਰੀਆਂ ਅੱਖਾਂ ਲੈ ਲੋ"
ਸੁਣ ਕੇ ਬਾਪ ਬੜਾ ਖ਼ੁਸ਼ ਹੋਇਆ
ਤੇ ਫਿਰ ਓਸ ਕਿਹਾ ਕੁੜੀ ਨੂੰ:
"ਧੀਏ! ਤੂੰ ਫਿਰ ਕਿੰਝ ਦੇਖੇਂਗੀ?"
ਝੱਟ ਕੁੜੀ ਨੇ ਉੱਤਰ ਦਿੱਤਾ:
"ਤਾਂ ਫਿਰ ਮੇਰੀ ਇੱਕ ਅੱਖ ਲੈ ਲੋ,
ਇੱਕ ਅੱਖ ਨਾਲ ਤੁਸੀਂ ਵੇਖਿਓ,
ਇੱਕ ਅੱਖ ਨਾਲ ਮੈਂ ਦੇਖਾਂਗੀ।"
ਪਿਤਾ ਨੇ ਧੀ ਨੂੰ
ਘੁੱਟ ਕਲੇਜੇ ਨਾਲ ਲਗਾਇਆ
ਉਸ ਦਿਨ ਦਾ ਉਹ
ਧੀ ਪੁੱਤਰ ਨੂੰ
ਇੱਕੋ ਅੱਖ ਦੇ ਨਾਲ ਵੇਖਦੈ...।

**ਆਪਣੀ ਬੇਟੀ ਪ੍ਰੋ. ਨਵਕਿਰਨ ਦੇ ਨਾਂ*



ਦੋ

## • ਰੱਬ ਨਾਲੋਂ ਤਕੜੀ ਕੁੜੀ

ਨਿੱਕੀ ਜਿਹੀ ਇੱਕ ਪੋਤੀ ਨੇ
ਆਪਣੇ ਬਿਮਾਰ ਦਾਦੇ ਨੂੰ ਦੱਸਿਆ:
ਉਸ ਦੀ ਇਕ ਸਹੇਲੀ
ਅੱਜ ਬੜੀ ਰੋਂਦੀ ਕਹਿੰਦੀ ਸੀ
ਉਸ ਦੇ ਦਾਦਾ ਜੀ ਤੁਰ ਗਏ ਨੇ
ਉਹਨਾਂ ਨੂੰ ਹੈ ਉਪਰੋਂ ਆ ਕੇ ਕੋਈ ਲੈ ਗਿਆ
"ਮੇਰੇ ਪਿਆਰੇ ਦਾਦੂ ਦੱਸੋ
ਉਪਰੋਂ ਆ ਕੇ ਬੰਦੇ ਨੂੰ ਹੈ ਕੌਣ ਲੈ ਜਾਂਦਾ?"
ਕੁਝ ਚਿਰ ਦਾਦਾ ਰਿਹਾ ਸੋਚਦਾ
ਤੇ ਫਿਰ ਉਸ ਨੇ ਇਉਂ ਆਖਿਆ:
"ਪਿਆਰੀ ਬੇਟੀ! ਰੱਬ ਲੈ ਜਾਂਦੈ"
ਇਹ ਸੁਣ ਪੋਤੀ ਝੱਟ ਆਖਿਆ:
"ਦਾਦਾ ਜੀ, ਮੈਂ ਤੁਹਾਨੂੰ
ਰੱਬ ਨੂੰ ਨਹੀਂ ਲਿਜਾਣ ਦਵਾਂਗੀ।"
ਦਾਦੇ ਪੁੱਛਿਆ:
"ਤੂੰ ਕੀ ਕਰੇਂਗੀ ਨੰਨ੍ਹੀ ਗੁੜੀਆ?"
ਓਸ ਆਖਿਆ:
"ਦਾਦਾ ਜੀ, ਰੱਬ ਜੇ ਲੈਣ ਤੁਹਾਨੂੰ ਆਇਆ
ਮੈਂ ਉਸ ਤਾਈਂ ਮਾਰ ਦਿਆਂਗੀ"
ਦਾਦਾ ਹੱਸਿਆ
ਆਪਣੀ ਪੋਤੀ ਦਾ ਸਿਰ ਚੁੰਮਿਆ
ਅਤੇ ਆਖਿਆ:
"ਮੇਰੀ ਪਿਆਰੀ ਲਾਡੋ ਰਾਣੀ!
ਤੇਰੇ ਹੁੰਦਿਆਂ ਮੈਨੂੰ ਕੌਣ ਲਿਜਾ ਸਕਦਾ ਹੈ?"

**ਆਪਣੀ ਪੋਤੀ "ਮਹਿਕ" ਅਰਸ਼ਜੋਤ ਦੇ ਨਾਂ*

## • ਕੁੜੀਆਂ ਚਿੜੀਆਂ

ਕੁੜੀਆਂ ਚਿੜੀਆਂ, ਘਰਾਂ ਦੀ ਰੌਣਕ
ਸੁਹਜ, ਸੁਹੱਪਣ
ਸਿਸ਼ਟਾਚਾਰ ਅਤੇ ਸਿਆਣਪ
ਸਾਰੇ ਗੁਣਾਂ ਦੀਆ ਗੁੱਥਲੀਆਂ
ਇਹਨਾਂ ਦੇ ਨੇ ਰੂਪ ਅਨੇਕਾਂ ਅਤੇ ਅਨੂਪਮ
ਇਹਨਾਂ ਧਰਤ ਦੀਆਂ ਜਾਈਆਂ ਦਾ
ਧਰਤੀ ਤੋਂ ਵੀ ਵੱਡਾ ਜੇਰਾ
ਪੀਰ ਪੈਗ਼ੰਬਰ ਇਹਨਾਂ ਜਾਏ
ਹਰ ਘਰ ਅੰਦਰ
ਸੁੰਦਰ ਕਲੀਆਂ ਫੁੱਲ ਖਿੜਾਏ
ਯੁੱਗਾਂ ਯੁੱਗਾਂ ਤੋਂ ਭੋਗ ਰਹੀਆਂ ਪਰ
ਬੇਇਨਸਾਫ਼ੀ
ਤੇ ਸਹਿ ਰਹੀਆਂ ਅੱਤਿਆਚਾਰ
ਇਹਨਾਂ ਨੂੰ ਹੀ
ਅਗਨ ਪ੍ਰੀਖਿਆ ਦੇਣੀ ਪੈਂਦੀ ਬਾਰਮਬਾਰ
ਭਰੀ ਸਭਾ ਵਿਚ
ਹੁੰਦਾ ਚੀਰਹਰਨ ਇਹਨਾਂ ਦਾ
ਕੁੱਖ ਅੰਦਰ ਵੀ ਮਰਨਾ ਪੈਂਦਾ
ਸੌਹਰੇ ਜਾ ਕੇ ਸੜਨਾ ਪੈਂਦਾ
ਸਿਲ ਪੱਥਰ ਵੀ ਹੋਣਾ ਪੈਂਦਾ
ਬਿਨ ਹੰਝੂਆਂ ਦੇ ਰੋਣਾ ਪੈਂਦਾ
ਐਪਰ ਇਹਨਾਂ ਦੇ ਵਿਚੋਂ ਹੀ
ਕੋਈ ਗਾਰਗੀ, ਕੋਈ ਰਾਬੀਆ
ਗਿਆਨ ਦੇ ਸੁੱਚੇ ਮੋਤੀ ਵੰਡੇ
ਕੱਢ ਭੰਵਰ ’ਚੋਂ ਲਾਵੇ ਕੰਢੇ
ਦੁਰਗਾ ਕੋਈ ਦੈਂਤ ਸੰਘਾਰੇ
ਰਜ਼ੀਆ, ਚਾਂਦ ਬੀਬੀ ਤੇ ਭਾਗੋ



ਬਣ ਝਾਂਸੀ ਦੀ ਰਾਣੀ ਕੋਈ
ਦੁਸ਼ਮਣ ਦੇ ਤਾਈਂ ਵੰਗਾਰੇ
ਮੀਰਾ ਕੋਈ ਪ੍ਰੇਮ ਦੀਵਾਨੀ
ਤੇ ਪੀਰੋ ਕੋਈ ਕਵਿਤਾ ਗਾਏ
ਕੋਈ ਅੰਮ੍ਰਿਤਾ ਪ੍ਰੀਤਮ ਬਣਕੇ
ਕਵਿਤਾ ਦਾ ਅੰਮ੍ਰਿਤ ਬਰਸਾਏ
ਪਰਲ ਐਸ ਬੱਕ ਤੇ
ਦੀਦੀ ਦਲੀਪ ਕੌਰ ਟਿਵਾਣਾ
ਇਹਨਾਂ ਦਾ ਜੋ ਸਾਹਿਤ ਸਾਗਰ
ਉਸ ਦਾ ਅੰਤ ਹੈ ਕਿਸ ਨੇ ਪਾਣਾ?
ਲੈਲਾ, ਸੁੰਦਰਾਂ, ਹੀਰ ਤੇ ਸੋਹਣੀ
ਸੱਸੀ, ਸਾਹਿਬਾਂ ਇਸ਼ਕ ’ਚ ਰੰਗੀਆਂ
ਦਸ ਗਈਆਂ ਸਭ ਪਿਆਰ ਦੀ ਹੋਣੀ
ਮੈਰੀ ਕਿਊਰੀ, ਕਲਪਨਾ ਚਾਵਲਾ
ਸੁਨੀਤਾ ਵਿਲੀਅਮ ਨੇ ਜੋ ਕੀਤਾ
ਚਾਨਣ ਚਾਨਣ ਧਰਤੀ ਹੋਈ
ਨ੍ਹੇਰਾ ਹੋਇਆ ਫੀਤਾ ਫੀਤਾ
ਨਾਈਟਂਗੇਲ, ਮਦਰ ਟਰੇਸਾ
ਸੇਵਾ ਦਇਆ ਦੀਆਂ ਦੇਵੀਆਂ
ਦੁਨੀਆਂ ਰੱਖੂ ਯਾਦ ਹਮੇਸ਼ਾ
ਇਹਨਾਂ ਕੁੜੀਆਂ ’ਚੋਂ ਬਣ ਜਾਵੇ
ਕੋਈ ਵੀਰਾਂਗਣ ਦੁਰਗਾ ਭਾਬੀ
ਆਜ਼ਾਦੀ ਦੀ ਜੰਗ ’ਚ ਵੰਡਿਆ
ਚਾਨਣ ਜਿਸ ਨੇ ਵਾਂਗ ਮਤਾਬੀ
ਖੇਡਾਂ, ਵਿਦਿਆ, ਰਾਜਨੀਤੀ, ਸੰਗੀਤ ਕਲਾ ਵਿਚ
ਹਰ ਪਾਸੇ ਨੇ ਕੁੜੀਆਂ ਛਾਈਆਂ
ਲੋਕੋ ਧੀਆਂ ਕਿਉਂ ਛੁਟਿਆਈਆਂ
ਕਿਸ ਕਿਸ ਦੀਆਂ ਮੈਂ ਦੱਸਾਂ ਗੱਲਾਂ?
ਕੁਝ ਕੁੜੀਆਂ ਸੂਰਜ ਦੀਆਂ ਕਿਰਨਾਂ
ਕੁਝ ਕੁੜੀਆਂ ਸਾਗਰ ਦੀਆਂ ਛੱਲਾਂ

## • ਭਗਤ ਸਿੰਘ ਨਾਲ ਕੁਝ ਗੱਲਾਂ

ਭਗਤ ਸਿੰਘ!
ਤੇਰਾ ਸੁਪਨਾ ਤਾਂ
ਭਾਰਤ ਦੀ ਆਜ਼ਾਦੀ ਤੇ ਸਮਾਜਵਾਦੀ ਇਨਕਲਾਬ ਸੀ
ਇਹੀ ਸੁਪਨਾ ਤੈਥੋਂ ਪਹਿਲਾਂ
ਲਿਆ ਸੀ ਸਰਾਭੇ ਨੇ
ਵੋਹਰਾ, ਆਜ਼ਾਦ, ਰਾਜਗੁਰੂ, ਸੁਖਦੇਵ ਅਤੇ ਤੂੰ
ਕਰਨ ਲਈ ਇਸ ਸੁਪਨੇ ਨੂੰ ਸਾਕਾਰ
ਪੀ ਗਏ ਸੀ ਹੱਸ ਕੇ ਸ਼ਹਾਦਤ ਦੇ ਜਾਮ
ਪੰਜਾਬ ਦੇ ਸ਼ੇਰ ਢੀਂਗਰਾ ਤੇ ਊਧਮ ਸਿੰਘ ਵੀ
ਹੋ ਗਏ ਸਨ ਏਸੇ ਸੁਪਨੇ ਲਈ ਕੁਰਬਾਨ
ਪਰ ਅੱਜ ਤੇਰਾ ਸੁਪਨਾ ਅਧੂਰਾ ਹੀ ਨਹੀਂ
ਲੀਰੋ-ਲੀਰ ਹੋ ਚੁੱਕਾ ਹੈ

ਹੁਣ ਨਹੀਂ ਰਿਹਾ ਤੇਰੇ ਸਮੇਂ ਦਾ
ਤੇਰਾ ਪਿਆਰਾ ਹਿੰਦੋਸਤਾਨ
ਮਜ਼ਹਬਾਂ ਦੇ ਨਾਂ 'ਤੇ ਹੋਈ ਵੰਡ ਦੇ ਸਦਕੇ
ਬਣ ਗਏ ਨੇ ਬੰਗਲਾ ਦੇਸ਼, ਪਾਕਿਸਤਾਨ
ਰਹਿ ਗਿਆ ਹੈ ਲੰਙੜਾ ਜਿਹਾ ਹਿੰਦੋਸਤਾਨ
ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਦੀ ਲਹੂ ਭਿੱਜੀ ਮਿੱਟੀ ਵਿਚ
ਸਿਰਫ਼ ਕਿਸੇ ਹਿੰਦੂ, ਸਿੱਖ, ਮੁਸਲਮਾਨ
ਜਾਂ ਈਸਾਈ ਦਾ ਖ਼ੂਨ ਨਹੀਂ ਸੀ ਡੁੱਲ੍ਹਿਆ
ਉਸ ਵਿਚ ਤਾਂ ਭਾਰਤ ਦੀ ਆਜ਼ਾਦੀ ਦੇ
ਪਰਵਾਨਿਆਂ ਦਾ ਸਾਂਝਾ ਲਹੂ ਸੀ

ਪਰ ਧਰਮ ਦੇ ਨਾਂ 'ਤੇ
ਸਰਹੱਦਾਂ ਦੇ ਆਰ ਪਾਰ ਜੋ ਹੁੰਦਾ ਹੈ ਤੇ ਹੋਇਆ ਹੈ
ਉਸ ਨੂੰ ਲਿਖਦਿਆਂ ਮੈਨੂੰ ਸ਼ਰਮ ਆਉਂਦੀ ਹੈ



ਹੁਣ ਤਾਂ ਦੇਸ਼ ਦੀ ਆਜ਼ਾਦੀ ਦੇ ਸ਼ਹੀਦ ਵੀ
ਮਜ਼ਹਬ, ਇਲਾਕੇ ਦੇ ਨਾਂ 'ਤੇ ਵੰਡੇ ਜਾ ਰਹੇ ਨੇ
ਪੰਜਾਬ ਵਿਚ ਕੀ, ਸਾਰੇ ਹਿੰਦੋਸਤਾਨ ਵਿਚ
ਬਹੁਤਿਆਂ ਨੂੰ ਸੁਖਦੇਵ ਤੇ ਰਾਜਗੁਰੂ ਦਾ
ਕੁਝ ਪਤਾ ਨਹੀਂ
ਦੁਰਗਾ ਭਾਬੀ ਨੂੰ ਕਿਸ ਨੇ ਜਾਨਣਾ ਹੈ?

ਤੇਰੀ ਸੋਚ 'ਤੇ ਪਹਿਰਾ ਦੇਣ ਵਾਲਿਆਂ ਦੇ ਹਤਿਆਰੇ
ਸ਼ਹੀਦਾਂ ਦੇ ਬੁਤਾਂ 'ਤੇ ਹਰ ਸਾਲ ਹਾਰ ਜ਼ਰੂਰ ਪਾਉਂਦੇ ਹਨ
ਹੋਰ ਤਾਂ ਹੋਰ ਕੈਪਟਨ ਲਕਸ਼ਮੀ ਸਹਿਗਲ ਨੂੰ ਵੀ
ਹਰਾ ਦਿੱਤਾ ਹੈ ਦੰਭੀ ਨਾ-ਸ਼ੁਕਰੇ ਸਿਆਸਤਦਾਨਾਂ ਨੇ
ਉਨ੍ਹਾਂ ਨੂੰ ਤਾਂ ਧਰਮ ਦੇ ਨਾਂ 'ਤੇ ਵੋਟਾਂ ਚਾਹੀਦੀਆਂ ਸਨ
ਉਹਨਾਂ ਨੇ ਤਾਂ ਗੁਜਰਾਤ ਵਿਚ
ਮਾਸੂਮਾਂ ਤੇ ਨਿਰਦੋਸ਼ਾਂ ਦੇ ਖ਼ੂਨ ਦੀ ਖੇਡੀ ਹੋਲੀ
ਤੇ ਬਹੂ ਬੇਟੀਆਂ ਦੀ ਜਬਰੀ ਲੁੱਟੀ ਪੱਤ ਦੇ
ਦਾਗ਼ ਧੋਣ ਦਾ ਪਰਪੰਚ ਰਚਣਾ ਸੀ
ਕਦੀ ਪੰਜਾਬ ਸੜਿਆ ਸੀ
ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ
ਤੇ ਹੋਰ ਕਈ ਥਾਵਾਂ 'ਤੇ
ਪੱਗ, ਪੈਰਾਂ 'ਚ ਰੋਲੀ ਗਈ ਸੀ
ਪਰ ਕਸ਼ਮੀਰ ਵਿਚ ਤਾਂ ਅਜੇ ਵੀ
ਮੌਤ ਦੇ ਭਾਂਬੜ ਹਰ ਰੋਜ਼ ਬਲਦੇ ਨੇ

ਹਾਂ ਤੇ ਮੈਂ ਤੈਨੂੰ ਦੱਸਾਂ
ਪਹਿਲਾਂ ਪਹਿਲਾਂ ਮੁੰਡੇ ਕੁੜੀਆਂ
ਤੇਰੀ ਘੋੜੀ ਗਾਉਂਦੇ ਸਨ
ਪਰ ਹੁਣ ਲੱਚਰ ਅਸ਼ਲੀਲ ਗੀਤ
ਸਾਡੇ ਘਰਾਂ 'ਚ ਆ ਵੜੇ ਨੇ
ਤੂੰ ਤਾਂ ਸੋਚਿਆ ਸੀ ਕਿ
ਤੇਰੀ ਸ਼ਹਾਦਤ ਬਾਅਦ

ਸੂਹਾ ਇਨਕਲਾਬ ਆਵੇਗਾ
ਰਾਜਸੱਤਾ ਕਿਰਤੀਆਂ, ਮਜ਼ਦੂਰਾਂ ਦੇ ਹੱਥ ਹੋਵੇਗੀ
ਪਰ ਅਜੇ ਤਕ ਅਜਿਹਾ ਕੁਝ ਨਹੀਂ ਹੋਇਆ
ਉੱਲੂਆਂ, ਇੱਲਾਂ, ਗਿਰਝਾਂ, ਗਿੱਦੜਾਂ, ਲੂੰਬੜਾਂ
ਤੇ ਬਘਿਆੜਾਂ ਨੇ ਸੱਤਾ ਹਥਿਆ ਲਈ ਹੈ
ਅਤੇ ਹੁਣ ਫਿਰ ਆ ਰਹੇ ਨੇ ਸਾਮਰਾਜੀ ਵਪਾਰੀ
ਬਹੁ ਕਰੋੜੀ ਕੰਪਨੀਆਂ ਲੈ ਕੇ
ਸਾਡੀ ਕਿਰਤ ਤੇ ਕੁਦਰਤੀ ਖ਼ਜ਼ਾਨੇ ਲੁੱਟਣ ਲਈ
ਸਾਡੇ ਹੁਕਮਰਾਨ
ਦੇਸੀ ਦਲਾਲ ਉਹਨਾਂ ਨੂੰ
ਖ਼ੁਦ ਸੱਦਾ ਦੇ ਰਹੇ ਨੇ...

ਪਰ ਮੈਨੂੰ ਯਕੀਨ ਹੈ ਕਿ
ਭਾਰਤ ਦੀ ਧਰਤੀ ਬਾਂਝ ਨਹੀਂ ਹੈ
ਇਸ 'ਚੋਂ ਫਿਰ ਤੇਰੇ ਤੇ ਤੇਰੇ ਸਾਥੀਆਂ ਜਿਹੇ
ਲਾਲ ਉੱਠਣਗੇ
ਇਨਕਲਾਬੀਆਂ ਦੀ ਭਰਵੀਂ ਫ਼ਸਲ ਉੱਗੇਗੀ
ਪਰ ਭਗਤ ਸਿੰਘ!
ਅਸੀਂ ਹੁਣ ਉਨ੍ਹਾਂ ਨੂੰ ਸ਼ਹੀਦ ਨਹੀਂ ਹੋਣ ਦੇਵਾਂਗੇ
ਸਾਨੂੰ ਸ਼ਹੀਦਾਂ ਦੀ ਨਹੀਂ
ਸੰਗਰਾਮ ਵਿਚ ਨਿਰੰਤਰ ਸੇਧ ਦੇਣ ਵਾਲੇ
ਸੂਰਜਾਂ ਦੀ ਲੋੜ ਹੈ।



## • ਸਰਾਪਿਆ ਯੁੱਗ

ਅਸੀਂ
ਇਹ ਕਿਹੋ ਜਿਹੇ
ਸਰਾਪੇ ਯੁੱਗ 'ਚ
ਜੀਅ ਰਹੇ ਹਾਂ
ਕਿ ਸਾਡੇ ਹਿਰਦਿਆਂ 'ਚੋਂ
ਮੁਹੱਬਤ, ਦਇਆ ਦੇ ਚਸ਼ਮੇਂ
ਸੁੱਕਦੇ ਜਾ ਰਹੇ ਨੇ।
ਖ਼ਤਮ ਹੁੰਦਾ ਜਾ ਰਿਹੈ ਸਾਡੇ ਮਨਾਂ 'ਚੋਂ
ਮਾਪਿਆਂ, ਵੱਡਿਆਂ ਦਾ ਆਦਰ।
ਛੋਟਿਆਂ ਲਈ ਮੋਹ,
ਕੁਰਬਾਨੀ ਦਾ ਜਜ਼ਬਾ,
ਪਤਾ ਨਹੀਂ ਕਿਧਰ ਉੱਡ ਗਿਆ ਹੈ।
ਭੁੱਲਦੇ ਜਾ ਰਹੇ ਹਾਂ ਅਸੀਂ
ਫੁੱਲਾਂ-ਬੂਟਿਆਂ
ਜੀਵਾਂ-ਜੰਤੂਆਂ
ਤੇ ਕੁਦਰਤ ਨੂੰ ਪਿਆਰ ਕਰਨਾ।

ਅਸੀਂ ਤਾਂ ਹੁਣ ਸ਼ੋਰ ਨੂੰ ਹੀ
ਸੰਗੀਤ ਸਮਝਣ ਲੱਗ ਪਏ ਹਾਂ
ਮਰਦੇ ਜਾ ਰਹੇ ਨੇ ਸਾਡੇ ਦਿਲਾਂ 'ਚੋਂ
ਕੂਲ਼ੇ ਜਜ਼ਬੇ ਤੇ ਅੰਬਰੀ ਸੁਪਨੇ
ਹਿੰਸਾ, ਨਫ਼ਰਤ, ਈਰਖਾ,
ਅਸ਼ਲੀਲਤਾ ਤੇ ਲੋਭ ਨੇ
ਬਣਾ ਲਿਆ ਹੈ ਸੋਚ ਸਾਡੀ ਨੂੰ ਗ਼ੁਲਾਮ।

ਅਸੀਂ ਤਾਂ ਹੁਣ ਇਨਸਾਨ ਤੋਂ
ਰੋਬਟ, ਕੰਪਿਊਟਰ, ਮਸ਼ੀਨਾਂ

ਬਣਦੇ ਜਾ ਰਹੇ ਹਾਂ
ਜਿਨ੍ਹਾਂ ਨੂੰ
ਦੌਲਤ, ਰਾਜਸੀ ਸੱਤਾ ਦੇ ਲੋਭੀ
ਜਿਵੇਂ ਚਾਹੁਣ,
ਉਵੇਂ ਨਚਾਉਂਦੇ ਹਨ

ਅਸੀਂ ਇਹ ਕਿਹੋ ਜਿਹੇ
ਸਰਾਪੇ ਯੁੱਗ 'ਚ ਜੀਅ ਰਹੇ ਹਾਂ
ਕਿ ਆਪਣਾ ਆਪਾ
ਤੇ ਆਪਣਿਆਂ ਨੂੰ ਹੀ ਭੁੱਲਦੇ ਜਾ ਰਹੇ ਹਾਂ।



## • ਅਖੌਤੀ ਸਮਾਜ ਸੇਵਕਾਵਾਂ

ਉਹ ਮਹਿੰਗੇ ਕੀਮਤੀ ਲਿਬਾਸ ਵਿਚ
ਬਣ ਠਣ, ਏ.ਸੀ. ਕਾਰਾਂ 'ਚ ਬੈਠ
ਸ਼ਹਿਰ ਦੀਆਂ ਗੰਦੀਆਂ ਬਸਤੀਆਂ 'ਚ ਜਾ ਕੇ
ਕੁਝ ਚਗਲੇ ਵਸਤਰ ਤੇ ਕੰਬਲ ਦੇ ਆਉਂਦੀਆਂ ਹਨ
ਜਾਂ ਕਿਸੇ ਜਲਸੇ 'ਚ ਮਜ਼ਦੂਰ ਔਰਤਾਂ ਦੇ
ਸ਼ੋਸ਼ਣ ਬਾਰੇ ਲੱਛੇਦਾਰ ਭਾਸ਼ਣ
ਝਾੜ ਆਉਂਦੀਆਂ ਹਨ
ਉਹਨਾਂ ਦੀਆਂ ਤਸਵੀਰਾਂ ਤੇ ਬਿਆਨ
ਛਪ ਜਾਂਦੇ ਨੇ ਅਗਲੇ ਦਿਨ ਅਖ਼ਬਾਰਾਂ 'ਚ
ਇਹਨਾਂ ਅਖੌਤੀ ਸਮਾਜ ਸੇਵਕਾਵਾਂ ਦੀ
ਮੁੱਠੀ 'ਚ ਹੁੰਦੇ ਨੇ ਪੱਤਰਕਾਰ
ਲੀਡਰ ਤੇ ਉੱਚ ਅਧਿਕਾਰੀ
ਜਿਨ੍ਹਾਂ ਨੂੰ ਖ਼ੁਸ਼ ਕਰਨ ਦੇ
ਇਹ ਸਭ ਢੰਗ ਜਾਣਦੀਆਂ ਹਨ
ਰੋੜੀ ਕੁੱਟਦੀਆਂ, ਇੱਟਾਂ ਪੱਥਦੀਆਂ
ਇੱਟਾਂ ਢੋਂਦੀਆਂ, ਸੜਕਾਂ 'ਤੇ ਲੁਕ ਪਾਉਂਦੀਆਂ
ਕਾਰਖ਼ਾਨਿਆਂ 'ਚ ਕੰਮ ਕਰਦੀਆਂ
ਤਿਲ ਤਿਲ ਮਰਦੀਆਂ
ਘਰਾਂ 'ਚ ਭਾਂਡੇ ਮਾਂਜਦੀਆਂ
ਪੋਚੇ ਲਾਉਂਦੀਆਂ, ਕੂੜਾ ਢੋਂਦੀਆਂ
ਕੁੜੀਆਂ ਤੇ ਔਰਤਾਂ ਦੀ ਦੁਰਦਸ਼ਾ 'ਤੇ
ਮਗਰਮੱਛ ਦੇ ਹੰਝੂ ਵਹਾਉਂਦੀਆਂ
ਕੁਲੀਨ ਵਰਗ ਦੀਆਂ ਇਹ ਸਿਆਸੀ ਸਮਾਜ ਸੇਵਕਾਵਾਂ
ਕਲੱਬਾਂ 'ਚ ਬੈਠੀਆਂ, ਜੂਆ ਖੇਡਦੀਆਂ
ਆਪਣੇ ਡੌਗੀ ਤੋਂ ਲੈ ਕੇ ਇਕ ਦੂਜੀ ਦੇ
ਮੰਤਰੀਆਂ ਨਾਲ ਜੁੜੇ ਕਿੱਸਿਆਂ ਦੇ
ਚਟਖਾਰੇ ਲੈਂਦੀਆਂ ਰਹਿੰਦੀਆਂ ਹਨ।

## • ਸੱਦਾਮ ਹੁਸੈਨ

ਸੱਦਾਮ ਹੁਸੈਨ!
ਤੂੰ ਲੜਿਆ ਸੀ
ਆਪਣੇ ਪਿਆਰੇ ਦੇਸ਼ ਇਰਾਕ ਦੀ ਰੱਖਿਆ ਲਈ
ਆਪਣੇ ਲੋਕਾਂ ਦੀ ਆਨ ਸ਼ਾਨ, ਆਜ਼ਾਦੀ ਲਈ
ਸ਼ਹੀਦੀ ਬਾਰੇ
ਮੈਂ ਬੜਾ ਕੁਝ ਪੜ੍ਹਿਆ ਤੇ ਸੁਣਿਆ ਸੀ
ਪਰ ਜਿਵੇਂ ਤੂੰ ਬੇਖ਼ੌਫ਼ ਹੋ
ਖ਼ੁਦ ਚੱਲ ਕੇ ਫਾਂਸੀ ਦੇ ਤਖ਼ਤੇ ਵੱਲ ਗਿਆ ਸੀ
ਮੈਂ ਐਸਾ ਕੋਈ ਬਹਾਦਰ ਇਨਸਾਨ ਨਹੀਂ ਵੇਖਿਆ
ਮੌਤ ਤੋਂ ਕੁਝ ਸਕਿੰਟ ਪਹਿਲਾਂ ਵੀ
ਤੇਰੇ ਚਿਹਰੇ ’ਤੇ ਜਲਾਲ ਸੀ
ਸਾਮਰਾਜੀਆਂ ਤੇ ਗ਼ੱਦਾਰਾਂ ਲਈ ਗੁੱਸਾ ਸੀ
ਅੱਲਾ ਅੱਗੇ ਦੁਆ ਕਰਕੇ
ਤੂੰ ਫਾਂਸੀ ਦੇ ਫੰਦੇ ਨੂੰ
ਜਿਵੇਂ ਆਪਣੇ ਗਲ਼ ਪਵਾਇਆ
ਉਸ ਨੂੰ ਵੇਖ ਕੇ ਤੇਰੀ ਸ਼ਹਾਦਤ ਅੱਗੇ
ਲੱਖਾਂ, ਕਰੋੜਾਂ ਲੋਕਾਂ ਦੇ ਸਿਰ
ਤੇਰੀ ਅਜ਼ਮਤ ਅੱਗੇ ਝੁਕ ਗਏ
ਤੂੰ ਤਾਂ ਮਰ ਕੇ ਵੀ ਅਮਰ ਹੋ ਗਿਆ
ਤੇ ਬਣ ਗਿਆ ਆਪਣੇ ਦੇਸ਼ਵਾਸੀਆਂ ਦਾ ਮਹਾਨਾਇਕ
ਤੇਰੀ ਸ਼ਹਾਦਤ ਨੇ
ਬੁਸ਼, ਕਲਿੰਟਨ ਦੇ ਚਿਹਰੇ ’ਤੇ
ਐਸੀ ਕਾਲਖ਼ ਮਲ਼ ਦਿੱਤੀ ਹੈ
ਜੋ ਕਦੀ ਨਹੀਂ ਉਤਰਨੀ
ਸਾਮਰਾਜੀਆਂ ਦੇ ਮਨਸੂਬੇ ਤਾਂ
ਪਹਿਲਾਂ ਹੀ ਨੰਗੇ ਹੋ ਚੁੱਕੇ ਸਨ
ਉਹਨਾਂ ਨੇ ਤੇਰੇ ’ਤੇ ਜੋ ਇਲਜ਼ਾਮ ਲਾਏ ਸਨ



ਸਭ ਝੂਠ ਸਨ,
ਇਹ ਤਾਂ ਸਭ ਹਮਲੇ ਦਾ ਬਹਾਨਾ ਸਨ

ਤੇਰੇ ਦੇਸ਼ ’ਚੋਂ
ਉਹਨਾਂ ਨੂੰ ਨਹੀਂ ਮਿਲਿਆ
ਕੋਈ ਵੀ ਰਸਾਇਣਕ ਬੰਬ
ਮਨੁਖੀ ਅਧਿਕਾਰਾਂ ਦੀ
ਰਾਖੀ ਦੀ ਗੱਲ ਕਰਨ ਵਾਲੇ
ਅਮਰੀਕੀਆਂ ਨੇ ਤਾਂ ਯੁੱਧ ਵਿਚ
ਸਕੂਲਾਂ, ਹਸਪਤਾਲਾਂ ਨੂੰ ਵੀ ਨਹੀਂ ਬਖ਼ਸ਼ਿਆ

ਪਰ ਉਹ ਯੁੱਧ ਜਿੱਤ ਕੇ ਵੀ ਹਾਰ ਚੁੱਕੇ ਹਨ
ਤੇਰੇ ਵਾਰਿਸ ਅੱਜ ਵੀ ਲੜ ਰਹੇ ਨੇ
ਤੇ ਉਹ ਦਿਨ ਦੂਰ ਨਹੀਂ
ਜਦੋਂ ਤੇਰੇ ਦੇਸ਼ ਦੇ ਤੇਲ ਭੰਡਾਰਾਂ ’ਤੇ
ਕਬਜ਼ਾ ਕਰਨ ਵਾਲੇ ਕਮੀਨੇ ਲੋਭੀ ਜੰਗਬਾਜ਼
ਦੁਮ ਦਬਾ ਕੇ ਭੱਜ ਜਾਣਗੇ
ਤੇ ਦੇਸ਼ ’ਚੋਂ
ਇਹਨਾਂ ਦੀ ਸ਼ਹਿ ਤੇ ਮਿਲੀਭੁਗਤ ਨਾਲ
ਗੱਦੀ ’ਤੇ ਬੈਠੇ ਗੱਦਾਰਾਂ ਦਾ
ਲੋਕ ਤਖ਼ਤਾ ਪਲਟ ਦੇਣਗੇ
ਫਿਰ ਤੇਰੀ ਜੈ ਜੈ ਕਾਰ ਹੋਵੇਗੀ
ਤੇਰੇ ਬੁੱਤ ਨੂੰ ਲੋਕ ਪੂਜਿਆ ਕਰਨਗੇ।

## • ਨਵਾਂ ਸੂਰਜ ਚੜ੍ਹਨ ਤੋਂ ਪਹਿਲਾਂ

ਉਹ ਦੇਸ਼
ਜਿਸ ਦੀ ਜਾਸੂਸੀ ਦਾ ਜਾਲ
ਧਰਤ ਤੋਂ ਅੰਬਰ ਤੱਕ ਫੈਲਿਆ ਹੋਇਆ
ਤੇ ਜੋ ਹਰ ਦੇਸ਼ ਦੇ
ਕੌਮੀ ਸਾਧਨਾਂ 'ਤੇ ਕਬਜ਼ਾ ਕਰਨ ਲਈ
ਛੜਯੰਤਰ ਹੀ ਨਹੀਂ ਰਚਦਾ
ਬੰਬਾਂ ਦੀ ਵਰਖਾ ਵੀ ਕਰ ਦੇਂਦਾ ਹੈ
ਆਪਣੇ ਆਪ ਨੂੰ
ਮਾਨਵ ਅਧਿਕਾਰਾਂ ਦਾ
ਸਭ ਤੋਂ ਵੱਡਾ ਰਖਵਾਲਾ ਵੀ ਅਖਵਾਉਂਦਾ ਹੈ
ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ
ਦਖ਼ਲ ਦੇਣਾ ਉਹ ਆਪਣਾ ਹੱਕ ਸਮਝਦਾ ਹੈ
ਉਹ ਸਮਝਦਾ ਹੈ ਕਿ
ਰੂਸ ਦੀ ਏਕਤਾ ਨੂੰ ਤੋੜ ਕੇ
ਉਸ ਨੇ ਸਮਾਜਵਾਦ ਦਾ ਅੰਤ ਕਰ ਦਿੱਤਾ ਹੈ
ਪਰ ਇਹ ਉਸਦੀ ਭੁੱਲ ਹੈ
ਸਮਾਜਵਾਦ ਨੇ ਪੂੰਜੀਵਾਦ ਹੱਥੋਂ
ਕਦੇ ਨਹੀਂ ਹਾਰਨਾ
ਦੂਜਿਆਂ ਨੂੰ ਤੋੜਨ ਵਾਲੀ ਸਾਮਰਾਜੀ ਸ਼ਕਤੀ ਨੇ
ਆਪਣੇ ਹੀ ਭਾਰ ਹੇਠ ਅਵੱਸ਼ ਟੁੱਟ ਜਾਣਾ ਹੈ
ਏਸ਼ੀਆ 'ਚੋਂ ਕਦੀ
ਬੁੱਧ, ਈਸਾ, ਮੁਹੰਮਦ, ਨਾਨਕ
ਇਕ ਨਹੀਂ ਚਾਰ ਸੂਰਜ ਉਦੈ ਹੋਏ ਸਨ
ਜਿਨ੍ਹਾਂ ਨੇ ਅੰਧਕਾਰ ਮੇਟ ਦਿੱਤਾ ਸੀ
ਹੁਣ ਫਿਰ ਨਵਾਂ ਰਾਜਸੀ ਸ਼ਕਤੀ ਦਾ ਸੂਰਜ ਵੀ
ਏਸ਼ੀਆ 'ਚੋਂ ਚੜ੍ਹੇਗਾ
ਜੋ ਪੱਛਮ ਦਾ ਗ਼ਰੂਰ ਤੋੜ ਦੇਵੇਗਾ।



## • ਖ਼ੂਨੀ ਖਲਨਾਇਕ

ਕਿੰਨੇ ਮੂਰਖ ਹਨ
ਉਹ ਇਤਿਹਾਸਕਾਰ
ਜੋ ਲੱਖਾਂ ਲੋਕਾਂ ਦੇ
ਕਾਤਿਲਾਂ, ਲੁਟੇਰਿਆਂ, ਖ਼ੂਨੀ ਖਲਨਾਇਕਾਂ ਨੂੰ
ਮਹਾਨ ਲਿਖੀ ਜਾ ਰਹੇ ਹਨ
ਸਿਕੰਦਰ ਕਦੀ ਵੀ ਮਹਾਨ ਨਹੀਂ ਹੋ ਸਕਦਾ
ਉਸ ਨੇ ਤਾਂ ਕਰ ਦਿੱਤੀਆਂ ਸਨ
ਹਜ਼ਾਰਾਂ ਔਰਤਾਂ ਵਿਧਵਾ
ਹਜ਼ਾਰਾਂ ਬਜ਼ੁਰਗਾਂ ਦੀਆਂ ਡੰਗੋਰੀਆਂ
ਉਹਨਾਂ ਦੇ ਪੁੱਤਰ ਮਾਰ ਦਿੱਤੇ ਸਨ
ਅਣਗਿਣਤ ਬੱਚਿਆਂ ਤੋਂ
ਉਹਨਾਂ ਦੇ ਬਾਪ ਦਾ ਸਹਾਰਾ ਖੋਹ ਲਿਆ ਸੀ
ਇਸ ਧੰਨ ਦੌਲਤ ਦੇ ਲੋਭੀ ਦਰਿੰਦੇ ਨੇ
ਉਜਾੜ ਦਿੱਤੇ ਸਨ
ਲੱਖਾਂ ਹੀ ਹਸਦੇ ਵਸਦੇ ਘਰ
ਚੰਗੇਜ਼, ਹਲਾਕੂ, ਤੈਮੂਰ, ਬਾਬਰ, ਨਾਦਰਸ਼ਾਹ, ਅਬਦਾਲੀ
ਸਭ ਮਨੁੱਖਤਾ ਦੇ ਕਾਤਲ ਸਨ

ਅਸ਼ੋਕ ਨੇ ਵੀ ਖ਼ੂਨ ਦੇ ਦਰਿਆ ਬਹਾਏ ਸਨ
ਤੇ ਲਾਸ਼ਾਂ ਦੇ ਢੇਰ ਲਾ ਕੇ ਹੀ ਉਹ
ਬੋਧੀ ਬਣਿਆ ਸੀ
ਮੇਰੇ ਦਿਲ ਨੇ ਤਾਂ ਉਸ ਨੂੰ ਵੀ ਕਦੀ
ਮਹਾਨ ਨਹੀਂ ਮੰਨਿਆ
ਉਸ ਦੀ ਸਾਮਰਾਜੀ ਹਵਸ ਕਾਰਨ ਹੀ
ਕਲਿੰਗਾ ਦੀ ਲੜਾਈ ਵਿਚ
ਆਪਣੇ ਰਾਜ ਦੀ ਰੱਖਿਆ ਕਰਦੇ
ਸ਼ਹੀਦ ਹੋ ਗਏ ਸਨ

ਓਥੋਂ ਦੇ ਹਜ਼ਾਰਾਂ ਯੋਧੇ
ਇਸ ਘਿਨਾਉਣੇ ਕਾਰੇ ਦਾ ਜ਼ਿੰਮੇਵਾਰ
ਅਸ਼ੋਕ ਨਹੀਂ ਤਾਂ ਹੋਰ ਕੌਣ ਸੀ
ਉਸ ਦੇ ਬੋਧੀ ਬਣਨ ਨਾਲ
ਵਿਧਵਾਵਾਂ ਸੁਹਾਗਣਾਂ ਤਾਂ ਨਹੀਂ ਸਨ ਹੋ ਗਈਆਂ

ਹਿਟਲਰ ਹੀ ਨਹੀਂ
ਹੀਰੋਸ਼ੀਮਾ ਤੇ ਨਾਗਾਸਾਕੀ ਵਿਚ
ਐਟਮ ਬੰਬ ਸੁੱਟਣ ਦੇ
ਹੁਕਮ ਦੇਣ ਵਾਲਾ ਮਹਾਂ ਪਾਪੀ ਵੀ
ਮਨੁੱਖਤਾ ਦਾ ਹਤਿਆਰਾ ਸੀ
ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ
ਸਟਾਲਿਨ ਵਲੋਂ ਕੀਤੀਆਂ
ਹਿੰਸਕ ਕਾਲੀਆਂ ਕਰਤੂਤਾਂ ਕਾਰਨ
ਉਸ ਦਾ ਚਿਹਰਾ ਵੀ
ਮੈਨੂੰ ਬੜਾ ਕਰੂਪ ਲਗਦਾ ਹੈ

ਮੈਂ ਤਾਂ ਬੁੱਧ, ਈਸਾ
ਰਵਿਦਾਸ, ਕਬੀਰ, ਨਾਨਕ ਨੂੰ ਹੀ
ਮਹਾਨ ਮੰਨਦਾ ਹਾਂ
ਜਿਨ੍ਹਾਂ ਨੇ ਦੁਨੀਆਂ ਨੂੰ
ਸੱਚ, ਨੇਕੀ, ਦਇਆ ਦਾ ਪੈਗ਼ਾਮ ਦਿੱਤਾ ਹੈ।



## • ਕਠਪੁਤਲੀਆਂ

ਕਠਪੁਤਲੀਆਂ ਨੱਚ ਰਹੀਆਂ ਹਨ
ਪਰਦੇ ਦੇ ਪਿੱਛੇ ਬੈਠਾ ਕੋਈ
ਆਪਣੀ ਮਰਜ਼ੀ ਮੁਤਾਬਿਕ
ਜਿਵੇਂ ਚਾਹਵੇ ਨਚਾ ਰਿਹਾ ਹੈ ਉਹਨਾਂ ਨੂੰ
ਕਿਸੇ ਪੁਤਲੀ ਨੂੰ ਉਸ ਨੇ ਰਾਜਾ
ਕਿਸੇ ਨੂੰ ਰਾਣੀ, ਕਿਸੇ ਨੂੰ ਗੋਲੀ
ਕਿਸੇ ਨੂੰ ਵਜ਼ੀਰ, ਕਿਸੇ ਨੂੰ ਅਹਿਲਕਾਰ
ਕਿਸੇ ਨੂੰ ਪਿਆਦਾ
ਕਿਸੇ ਨੂੰ ਹਾਥੀ, ਕਿਸੇ ਨੂੰ ਘੋੜਾ
ਤੇ ਕਿਸੇ ਨੂੰ ਸ਼ੇਰ ਬਣਾਇਆ ਹੋਇਆ ਏ

ਰਾਜਾ ਤੇ ਰਾਣੀ ਸੋਚਦੇ ਹਨ
ਕਿ ਉਹਨਾਂ ਦਾ ਹੀ ਸਭ ’ਤੇ ਰਾਜ ਹੈ
ਅਤੇ ਵਜ਼ੀਰ ਤੇ ਅਹਿਲਕਾਰ ਸੋਚਦੇ ਹਨ
ਕਿ ਸਭ ਉੱਤੇ ਉਹਨਾਂ ਦਾ ਹੀ ਹੁਕਮ ਚੱਲਦਾ ਹੈ
ਪਰ ਕਠਪੁਤਲੀਆਂ ਦਾ ਤਮਾਸ਼ਾ ਕਰਨ ਵਾਲਾ
ਜਦ ਚਾਹੇ ਰਾਜਾ ਬਦਲ ਦੇਂਦਾ ਹੈ

ਪਰਦੇ ਪਿੱਛੇ ਵੀ ਇਕ ਹੋਰ ਪਰਦਾ ਹੈ
ਤਮਾਸ਼ਾ ਕਰਨ ਵਾਲੇ ਨੂੰ
ਕੁਝ ਹੋਰ ਲੋਕ ਨਚਾ ਰਹੇ ਹਨ
ਜਿਨ੍ਹਾਂ ਦੇ ਹੱਥ ਵਿਚ ਧਨ ਦੌਲਤ ਦੀ ਤਾਕਤ ਹੈ
ਚਿੱਟੀਆਂ, ਗੇਰੂ, ਨੀਲੀਆਂ, ਹਰੀਆਂ, ਲਾਲ, ਪੀਲੀਆਂ
ਸਭ ਪੁਤਲੀਆਂ ਦੇ ਮਾਲਕ
ਧਨ ਕੁਬੇਰਾਂ ਦੇ ਗ਼ੁਲਾਮ ਹਨ
ਸਭ ਕਠਪੁਤਲੀਆਂ ਵਾਲੇ
ਮੁਠੀ ਭਰ ਪੂੰਜੀਪਤੀਆਂ ਦੇ ਆਸਰੇ ਹਨ

ਪੁਤਲੀਆਂ ਆਪਸ ਵਿਚ ਲੜਦੀਆਂ ਹਨ
ਜਿਵੇਂ ਜਿਵੇਂ ਕੋਈ ਉਹਨਾਂ ਨੂੰ ਲੜਾਉਂਦਾ ਹੈ

ਬੜੀ ਦੇਰ ਤੋਂ ਅਸੀਂ
ਕਠਪੁਤਲੀਆਂ ਦਾ ਤਮਾਸ਼ਾ ਦੇਖ ਰਹੇ ਹਾਂ
ਤਮਾਸ਼ਾ ਵੇਖਦੇ ਵੇਖਦੇ ਹੁਣ ਤਾਂ
ਖ਼ੁਦ ਹੀ ਕਠਪੁਤਲੀਆਂ ਬਣ ਗਏ ਹਾਂ



## • ਮੈਂ ਨਹੀਂ ਬੋਲਾਂਗਾ ਝੂਠ

ਮੇਰੇ ਆਸੇ ਪਾਸੇ ਜੋ ਜਹਾਲਤ ਦਾ
ਨੰਗਾ ਨਾਚ ਨੱਚਿਆ ਜਾ ਰਿਹਾ ਹੈ
ਉਸ ਨੂੰ ਵੇਖਦੇ ਹੋਏ
ਮੇਰਾ ਦੇਸ਼ ਮਹਾਨ ਕਹਿਣ ਦਾ ਕੁਫ਼ਰ
ਮੈਂ ਹੁਣ ਕਦੀ ਨਹੀਂ ਤੋਲਾਂਗਾ
ਤੁਸੀਂ ਮੈਨੂੰ ਗ਼ੱਦਾਰ ਕਹੋ, ਜੋ ਮਰਜ਼ੀ ਕਹੋ,
ਗੋਲੀ ਮਾਰ ਦਿਓ
ਸੱਚ ਕਹਿਣ ਬਦਲੇ ਮੈਨੂੰ
ਜੋ ਮਰਜ਼ੀ ਸਜ਼ਾ ਦਿਓ
ਪਰ ਮੈਂ ਆਪਣੇ ਦੇਸ਼ ਦੀ ਝੂਠੀ ਮਹਾਨਤਾ ਦਾ
ਗੁਣ ਗਾਣ ਨਹੀਂ ਗਾਵਾਂਗਾ

ਜਿੱਥੇ ਧੀਆਂ ਨੂੰ ਕੁੱਖ ਵਿਚ ਹੀ
ਜੰਮਣ ਤੋਂ ਪਹਿਲਾਂ ਮਾਰ ਦਿੱਤਾ ਜਾਂਦਾ ਹੈ

ਜਿੱਥੇ ਬਾਪ ਮਾਸੂਮ ਬਾਲੜੀਆਂ ਨਾਲ
ਬਲਾਤਕਾਰ ਕਰ ਕੇ
ਉਹਨਾਂ ਨੂੰ ਕਰ ਦੇਂਦੇ ਹਨ ਲਹੂ ਲੁਹਾਣ

ਜਿੱਥੇ ਕਿਸੇ ਹੋਰ ਜਾਤ ਵਿਚ
ਧੀ ਵਲੋਂ ਕਰਵਾਏ ਵਿਆਹ ਕਾਰਨ
ਉਸ ਨੂੰ ਤੇ ਉਸ ਦੇ ਬੇਕਸੂਰ ਪਤੀ ਨੂੰ
ਕਰ ਦਿਤਾ ਜਾਂਦਾ ਹੈ ਕਤਲ

ਜਿੱਥੇ ਧਨ ਦੌਲਤ ਜ਼ਮੀਨ ਜਾਇਦਾਦ ਖ਼ਾਤਿਰ
ਸਾਰੇ ਦੇ ਸਾਰੇ ਪਰਿਵਾਰ ਨੂੰ
ਉਹਨਾਂ ਦੇ ਸਕੇ ਸਬੰਧੀ ਕਰ ਦੇਂਦੇ ਨੇ ਖ਼ਤਮ

ਜਿੱਥੇ ਫ਼ਿਰੌਤੀ ਲਈ
ਮਾਸੂਮ ਬੱਚਿਆਂ ਨੂੰ ਅਗਵਾ ਕਰ
ਉਹਨਾਂ ਨਾਲ ਕੁਕਰਮ ਕਰ ਮਾਰ ਦਿੱਤਾ ਜਾਂਦਾ ਹੈ

ਉਹ ਦੇਸ਼ ਕਿਵੇਂ ਮਹਾਨ ਹੋ ਸਕਦਾ ਹੈ?
ਜਿਸ ਦੇਸ਼ ਵਿਚ ਅੱਧਿਓਂ ਵੱਧ ਲੋਕਾਂ ਨੂੰ
ਆਜ਼ਾਦੀ ਦੇ ਸੱਠ ਸਾਲ ਬਾਅਦ ਵੀ
ਦੋ ਵੇਲੇ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ

ਇਲਾਜ ਤੇ ਦਵਾਈ ਬਿਨਾਂ
ਮਰੀਜ਼ ਤੜਪ ਤੜਪ ਮਰ ਜਾਂਦੇ ਹਨ

ਜਿਥੇ ਹਰ ਰੋਜ਼ ਕਿਧਰੇ ਨਾ ਕਿਧਰੇ
ਧਰਮ ਦੇ ਨਾਂ 'ਤੇ
ਹੁੰਦੇ ਰਹਿੰਦੇ ਨੇ ਦੰਗੇ, ਬੰਬ ਧਮਾਕੇ
ਜਿਥੇ ਬਲਦੇ ਨੇ ਵਹਿਸ਼ਤ ਦੇ ਭਾਂਬੜ
ਤੁਸੀਂ ਹੀ ਦੱਸੋ
ਉਹ ਦੇਸ਼ ਕਿਵੇਂ ਮਹਾਨ ਹੋ ਸਕਦਾ ਹੈ?

ਜਿਥੇ ਅਪਰਾਧੀ ਹੁਕਮਰਾਨ
ਵੋਟਾਂ ਖ਼ਾਤਿਰ
ਲੋਕਾਂ ਦੇ ਮਨਾਂ ਵਿਚ ਫਿਰਕਾਪ੍ਰਸਤੀ, ਕੱਟੜਤਾ ਦਾ
ਘੋਲਦੇ ਨੇ ਜ਼ਹਿਰ
ਰਿਸ਼ਵਤ ਬਿਨਾਂ ਕੋਈ ਕੰਮ ਨਹੀਂ ਹੁੰਦਾ
ਰਾਜਸੱਤਾ 'ਚ ਬਿਰਾਜਮਾਨ ਨੇਤਾ
ਕਰੋੜਾਂ ਅਰਬਾਂ ਦੇ ਕਰਦੇ ਨੇ ਘਪਲੇ
ਉਸ ਦੇਸ਼ ਨੂੰ ਮੈਂ ਮਹਾਨ ਕਿਵੇਂ ਕਹਾਂ?

ਮਿਜ਼ਾਇਲਾਂ, ਬੰਬ ਬਣਾਉਣ ਨਾਲ
ਉੱਚੀਆਂ ਅੰਬਰ ਨੂੰ ਛੋਹਣ ਵਾਲੀਆਂ ਇਮਾਰਤਾਂ



ਬਣ ਜਾਣ ਨਾਲ
ਤੇ ਕੁਝ ਪੂੰਜੀਪਤੀਆਂ ਦੇ
ਸੰਸਾਰ ਦੇ ਸਭ ਤੋਂ ਵੱਧ ਅਮੀਰਾਂ ਦੀ
ਸੂਚੀ ਵਿਚ ਆਉਣ ਨਾਲ ਹੀ
ਕੋਈ ਦੇਸ਼ ਮਹਾਨ ਕਿਵੇਂ ਹੋ ਸਕਦਾ ਹੈ?

ਜਿਥੇ ਅੰਨਦਾਤਾ ਕਰਦੇ ਨੇ ਖ਼ੁਦਕਸ਼ੀ
ਪੜ੍ਹ ਨਹੀਂ ਸਕਦੇ ਗ਼ਰੀਬਾਂ ਦੇ ਬੱਚੇ
ਬੇਰੁਜ਼ਗਾਰੀ ਦੇ ਸਤਾਏ ਨੌਜਵਾਨ
ਅਪਰਾਧੀਆਂ ਦੇ ਜਾਲ 'ਚ ਫਸ ਜਾਂਦੇ ਹਨ

ਜਿੱਥੇ ਨਸ਼ਿਆਂ ਵਿਚ ਗਰਕ ਹੁੰਦੀ ਜਾ ਰਹੀ ਹੈ ਜਵਾਨੀ
ਦੇਸ਼ ਦਾ ਦਿਮਾਗ ਕੌਮੀ ਸਰਮਾਇਆ
ਹਰ ਹੀਲੇ ਵਸੀਲੇ ਲੱਖਾਂ ਰੁਪਏ ਬਰਬਾਦ ਕਰਕੇ
ਜਾ ਰਿਹਾ ਹੈ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਨੂੰ

ਤੁਸੀਂ ਹੀ ਫ਼ੈਸਲਾ ਕਰੋ ਕਿ
ਆਪਣੇ ਦੇਸ਼ ਦੀ ਵਰਤਮਾਨ ਦਿਸ਼ਾ ਵੇਖ ਕੇ
ਮੈਂ ਉਸ ਨੂੰ ਮਹਾਨ ਕਿਵੇਂ ਕਹਿ ਸਕਦਾ ਹਾਂ

## • ਸਿਆਸਤ

ਸਿਆਸਤ ਹੁਣ
ਦੇਸ਼ ਭਗਤਾਂ ਲੋਕ ਸੇਵਕਾਂ
ਨੇਕ ਇਨਸਾਨਾਂ ਵਿਦਵਾਨਾਂ
ਦੇ ਹੱਥਾਂ 'ਚੋਂ ਨਿਕਲ ਕੇ
ਅਪਰਾਧੀਆਂ ਰਿਸ਼ਵਤਖ਼ੋਰਾਂ
ਬੇਈਮਾਨਾਂ ਧਨ ਕੁਬੇਰਾਂ ਦੀ
ਰਖੇਲ ਬਣ ਚੁਕੀ ਹੈ
ਉਹ ਇਸ ਨੂੰ ਜਿਵੇਂ ਚਾਹੁਣ
ਉਵੇਂ ਨਚਾਉਂਦੇ ਹਨ।

ਸਿਆਸਤ ਹੁਣ
ਘੁਟਾਲੇ ਘਪਲੇ ਕਰ ਕੇ
ਧਨ ਦੌਲਤ ਦੇ ਅੰਬਾਰ ਲਾਉਣ
ਆਪਣੇ ਗੁਨਾਹਾਂ ਨੂੰ ਛੁਪਾਉਣ
ਆਪਣੇ ਵਿਰੋਧੀਆਂ ਨੂੰ ਕੁਚਲਣ
ਇਨਸਾਫ਼ ਦਾ ਗਲਾ ਘੁੱਟ
ਸੱਚ ਦੀ ਆਵਾਜ਼ ਦਬਾਉਣ ਦਾ
ਧੰਦਾ ਬਣ ਗਈ ਹੈ।

ਸਿਆਸਤ ਹੁਣ
ਦੇਸ਼ ਦੇ ਨਵ ਨਿਰਮਾਣ
ਇਸ ਦੀ ਸ਼ਾਨ ਸਵੈਮਾਨ
ਤੇ ਲੋਕ ਸੇਵਾ ਲਈ
ਆਪਣੇ ਸੁੱਖ ਕੁਰਬਾਨ ਕਰਨ
ਵਾਸਤੇ ਨਹੀਂ ਰਹੀ
ਇਹ ਤਾਂ ਵੋਟਾਂ, ਕੁਰਸੀ, ਰਾਜਸੱਤਾ ਲਈ
ਲੋਕਾਂ ਨੂੰ ਧਰਮ, ਜ਼ਾਤ,



ਇਲਾਕੇ, ਬੋਲੀ ਦੇ ਨਾਂ 'ਤੇ
ਨੋਟਾਂ, ਨਸ਼ਿਆਂ ਦੇ ਸਹਾਰੇ
ਵੰਡਣ ਵਾਲੀ
ਘਿਨਾਉਣੀ ਖੇਡ ਬਣ ਗਈ ਹੈ।

ਦੂਸ਼ਤ ਕਮੀਨੀ ਸਿਆਸਤ
ਘੁਸਪੈਠ ਕਰ ਚੁਕੀ ਹੈ
ਧਾਰਮਿਕ ਅਸਥਾਨਾਂ ਵਿਚ ਵੀ
ਗੱਦੀਆਂ 'ਤੇ ਬਿਰਾਜਮਾਨ ਸਿਆਸਤਦਾਨ
ਜਿਹੋ ਜਿਹੀ ਚਾਹੁਣ, ਉਹੋ ਜਿਹੀ ਬੋਲੀ
ਵਿਕੇ ਧਾਰਮਿਕ ਆਗੂ ਬੋਲਦੇ ਹਨ
ਡਾਕੂ, ਕਾਤਲ, ਲੁਟੇਰੇ, ਵਿਭਚਾਰੀ
ਇਕ ਦੂਜੇ ਦਾ ਸਾਥ ਨਹੀਂ ਦੇਣਗੇ
ਤਾਂ ਹੋਰ ਕੌਣ ਦੇਵੇਗਾ?

ਗਾਂਧੀ, ਅੰਬੇਦਕਰ, ਜੈ ਪ੍ਰਕਾਸ਼ ਨਰਾਇਣ
ਤੇ ਸ਼ਾਸਤ੍ਰੀ ਦੇ ਆਦਰਸ਼
ਸਿਆਸਤ 'ਚੋਂ
ਕਦ ਦੇ ਖਾਰਜ ਹੋ ਚੁੱਕੇ ਹਨ
ਅੱਜ ਦੇ ਮੱਕਾਰ,
ਸ਼ਾਤਰ ਸਿਆਸਤਦਾਨ
ਧੱਕੇਸ਼ਾਹੀ, ਬੇਈਮਾਨੀ ਨਾਲ
ਹਰ ਹੀਲੇ ਰਾਜਸੱਤਾ ਪ੍ਰਾਪਤ ਕਰ
ਭਗਤ ਤੇ ਊਧਮ ਸਿੰਘ ਦੇ ਸੁਪਨਿਆਂ ਨੂੰ
ਫਾਂਸੀ ਦੇ ਰਹੇ ਹਨ।

ਅਜੋਕੀ ਰੱਤ ਪੀਣੀ ਸਿਆਸਤ ਨੇ
ਲੋਕਤੰਤਰ ਨੂੰ
ਲੰਗੜਾ, ਲੂਲ੍ਹਾ, ਅੰਨ੍ਹਾ ਬੋਲ਼ਾ
ਤੇ ਅਪਾਹਿਜ ਕਰ ਦਿਤਾ ਹੈ

ਇਹ ਜੋ ਬਲਦੇ ਚਿਰਾਗ਼ਾਂ ਨੂੰ
ਇਕ ਇੱਕ ਕਰ ਕੇ ਬੁਝਾ ਰਹੀ ਹੈ
ਇਹ ਨਹੀਂ ਜਾਣਦੀ ਕਿ
ਧਰਤੀ ਦੀ ਕੁੱਖ 'ਚੋਂ
ਅਨੇਕ ਸੂਰਜ ਉਦੈ ਹੋਣ ਵਾਲੇ ਹਨ
ਤੇ ਇਸ ਦੇ ਅੰਧਕਾਰ ਦਾ ਰਾਜ
ਛੇਤੀ ਹੀ ਖ਼ਤਮ ਹੋਣ ਵਾਲਾ ਹੈ।



## • ਰਾਸ਼ਟਰੀ ਦਿਵਸ ਤੇ ਜਨਤਾ

ਹਰ ਸਾਲ ਕੌਮੀ ਪੱਧਰ 'ਤੇ
ਬੜੀ ਸ਼ਾਨ ਤੇ ਧੂਮ-ਧਾਮ ਨਾਲ
ਮਨਾਏ ਜਾਂਦੇ ਨੇ ਸਵਤੰਤਰਤਾ
ਤੇ ਗਣਤੰਤਰ ਦਿਵਸ
ਕੇਂਦਰ ਸਰਕਾਰ ਤੇ ਰਾਜ ਸਰਕਾਰਾਂ
ਕਰਦੀਆਂ ਨੇ ਇਹਨਾਂ ਸਮਾਗਮਾਂ 'ਤੇ
ਕਰੋੜਾਂ ਰੁਪਏ ਖ਼ਰਚ
ਦੇਸ਼ ਵਾਸੀਆਂ ਨੂੰ ਇਹ ਦੱਸਣ ਲਈ
ਕਿ ਦੇਸ਼ ਹੁਣ ਹਰ ਖੇਤਰ ਵਿਚ
ਕਿੰਨੀ ਤਰੱਕੀ ਕਰ ਗਿਆ ਹੈ
ਪਰ ਇਹਨਾਂ ਸਮਾਗਮਾਂ ਵਿਚ
ਆਮ ਲੋਕਾਂ ਦੀ ਗਿਣਤੀ
ਆਟੇ ਵਿਚ ਲੂਣ ਜਿੰਨੀ ਵੀ ਨਹੀਂ ਹੁੰਦੀ

ਇਹਨਾਂ ਸਮਾਗਮਾਂ ਵਿਚ ਤਾਂ ਹੁੰਦੇ ਨੇ
ਜਬਰੀ ਲਿਆਂਦੇ ਸਕੂਲਾਂ ਦੇ ਬੱਚੇ
ਅਧਿਆਪਕ, ਹੋਰ ਕਰਮਚਾਰੀ
ਪੁਲਿਸ ਵਾਲੇ ਤੇ ਨੀਮ ਫ਼ੌਜੀ ਦਸਤੇ
ਜਾਂ ਰਾਜਸੀ ਪਾਰਟੀਆਂ ਵੱਲੋਂ
ਭਾੜੇ 'ਤੇ ਲਿਆਂਦੇ ਕੁਝ ਗ਼ਰੀਬ ਲੋਕ

ਆਮ ਲੋਕਾਂ ਦੇ ਜ਼ਿਹਨ 'ਚੋਂ
ਇਹ ਸਮਾਗਮ ਕਦੋਂ ਦੇ ਖਾਰਜ ਹੋ ਚੁੱਕੇ ਹਨ
ਉਹਨਾਂ ਨੂੰ ਪਤਾ ਹੈ ਕਿ
ਇਹਨਾਂ ਸਮਾਗਮਾਂ ਵਿਚ
ਰਾਜਸੀ ਨੇਤਾ ਕੋਰਾ ਝੂਠ ਬੋਲਦੇ ਹਨ
ਕਿਰਤੀ ਲੋਕਾਂ ਨੂੰ ਇਹਨਾਂ ਸਮਾਗਮਾਂ ਵਾਲੇ ਦਿਨੀਂ

ਕੋਈ ਖ਼ੁਸ਼ੀ ਨਹੀਂ ਹੁੰਦੀ
ਉਹਨਾਂ ਨੂੰ ਤਾਂ ਫ਼ਿਕਰ ਹੁੰਦਾ ਏ
ਆਪਣੀ ਟੁੱਟ ਗਈ ਦਿਹਾੜੀ ਦਾ
ਘਰ ਵਿਚ ਮੁੱਕੇ ਆਟੇ ਦਾ
ਸਕੂਲ ਦੀ ਫੀਸ ਨਾ ਦੇ ਸਕਣ ਕਾਰਨ
ਤੇ ਕਿਤਾਬਾਂ ਨਾਂਹ ਹੋਣ ਕਾਰਨ
ਜਮਾਤ 'ਚੋਂ ਆਪਣੇ ਬੱਚੇ ਦੇ ਕੱਟ ਚੁੱਕੇ ਨਾਂ ਦਾ
ਚਿੰਤਾ ਹੁੰਦੀ ਹੈ ਉਨ੍ਹਾਂ ਨੂੰ
ਮਕਾਨ ਦੇ ਕਿਰਾਏ ਦੀ
ਖੌਂਹੂੰ ਖੌਂਹੂੰ ਕਰਦੇ ਬੁੱਢੇ ਬਾਪ ਦੇ ਇਲਾਜ ਦੀ
ਲੋਕਾਂ ਦੇ ਘਰੀਂ ਭਾਂਡੇ ਮਾਂਜਦੀ, ਕਪੜੇ ਧੋਂਦੀ
ਕੰਮ ਕਰਨ ਗਈ ਬਾਲੜੀ ਧੀ ਦੀ
ਮਜ਼ਦੂਰੀ ਕਰਨ ਜਾਂਦੀ ਪਤਨੀ ਦੀ ਪੱਤ ਦੀ
ਤੇ ਰਾਸ਼ਨ ਵਾਲੀ ਦੁਕਾਨ ਦਾ ਉਧਾਰ ਚੁਕਾਉਣ ਦੀ

ਆਜ਼ਾਦੀ ਦਿਵਸ 'ਤੇ
ਭੁੱਖੇ ਪਿਆਸੇ ਗਰਮੀ ਵਿਚ
ਚੱਕਰ ਖਾ ਕੇ ਡਿੱਗ ਪੈਂਦੇ ਨੇ ਕਈ ਬੱਚੇ
ਗਣਤੰਤਰ ਦਿਵਸ 'ਤੇ
ਲੋਹੜੇ ਦੀ ਸਰਦੀ ਵਿਚ
ਠਰੂੰ ਠਰੂੰ ਕਰਦੇ ਕਈ ਬੱਚੇ ਕੰਬਣ ਲੱਗ ਪੈਂਦੇ ਨੇ
ਤੇ ਹੋ ਜਾਂਦੇ ਨੇ ਨਮੂਨੀਏ ਦਾ ਸ਼ਿਕਾਰ
ਪਰ ਲੀਡਰਾਂ ਦੇ ਬੇਤੁਕੇ ਲੰਮੇ ਭਾਸ਼ਨ ਚੱਲਦੇ ਰਹਿੰਦੇ ਹਨ

ਟ੍ਰੈਫ਼ਿਕ ਜਾਮ ਹੋ ਜਾਣ ਕਾਰਨ
ਕਈ ਵਾਰ ਕੋਈ ਮਰੀਜ਼
ਹਸਪਤਾਲ ਪਹੁੰਚਣੋਂ ਪਹਿਲਾਂ ਹੀ ਦਮ ਤੋੜ ਜਾਂਦਾ ਹੈ
ਪਰ ਆਜ਼ਾਦੀ ਦੇ ਗੀਤ ਵੱਜਦੇ ਰਹਿੰਦੇ ਹਨ
ਤਿਰੰਗਾ ਝੰਡਾ ਝੂਲਦਾ ਰਹਿੰਦਾ ਹੈ
ਇਹ ਤਾਂ ਸਾਕਾ ਨੀਲਾ ਤਾਰਾ



ਦਿੱਲੀ ਦੰਗਿਆਂ
ਅਤੇ ਗੁਜਰਾਤ ਦੇ
ਗੋਦਰਾ ਕਾਂਡ ਵੇਲੇ ਵੀ ਲਹਿਰਾਉਂਦਾ ਰਿਹਾ ਸੀ
ਹਾਂ ਇਹ ਕਦੀ ਕਦੀ ਜ਼ਰੂਰ ਝੁਕ ਜਾਂਦਾ ਹੈ
ਕਿਸੇ ਮੰਤਰੀ ਦੀ ਮੌਤ ਦੇ ਸੋਗ ਵਜੋਂ
ਭਾਵੇਂ ਉਸ ਮੰਤਰੀ ਦਾ ਪਿਛੋਕੜ
ਕਿੰਨਾ ਹੀ ਅਪਰਾਧੀ ਕਿਉਂ ਨਾ ਰਿਹਾ ਹੋਵੇ

ਹਾਂ ਤੇ ਗੱਲ ਚਲ ਰਹੀ ਸੀ
ਆਜ਼ਾਦੀ ਤੇ ਗਣਤੰਤਰ ਦਿਵਸ ਦੀ
ਮੇਰੇ ਦੇਸ਼ ਦੇ ਹੁਕਮਰਾਨ
ਇਹ ਗੱਲ ਕਦੀ ਨਹੀਂ ਸੋਚਦੇ
ਕਿ ਸਾਰੇ ਦੇਸ਼ਵਾਸੀਆਂ ਨੂੰ
ਰਾਸ਼ਟਰੀ ਸਮਾਗਮਾਂ ਦੀ ਖ਼ੁਸ਼ੀ ਕਿਵੇਂ ਹੋ ਸਕਦੀ ਹੈ?

## • ਮੀਡੀਆ

ਕਹਿੰਦੇ ਨੇ ਮੀਡੀਆ
ਲੋਕਤੰਤਰ ਦਾ ਚੌਥਾ ਥੰਮ੍ਹ ਹੁੰਦੈ
ਜੋ ਬਣਦਾ ਹੈ ਲੋਕਾਂ ਦੀ ਆਵਾਜ਼
ਉਹਨਾਂ ਦੇ ਹੱਕਾਂ ਦਾ ਰਖਵਾਲਾ
ਸੱਚ ਦਾ ਪਹਿਰੇਦਾਰ
ਸਰਕਾਰ ਨੂੰ ਦੱਸਦਾ ਹੈ
ਲੋਕ ਸਮੱਸਿਆਵਾਂ ਬਾਰੇ
ਉਹਨਾਂ ਨਾਲ ਹੋ ਰਹੀ ਬੇਇਨਸਾਫ਼ੀ
ਮੀਡੀਏ ਨੇ ਹੀ ਨੰਗੀ ਕਰਨੀ ਹੁੰਦੀ ਏ
ਘਪਲੇ ਕਰਨ ਵਾਲੇ
ਬੇਈਮਾਨ, ਸਿਆਸਤਦਾਨਾਂ
ਕੱਟੜਪੰਥੀ ਕਾਤਿਲਾਂ, ਲੁਟੇਰਿਆਂ ਨੂੰ
ਉਸ ਕਰਨਾ ਹੁੰਦੈ ਬੇਨਿਕਾਬ

ਪਰ ਮੇਰੇ ਦੇਸ਼ ਦੇ ਕਈ ਪ੍ਰਾਈਵੇਟ ਟੀ.ਵੀ. ਚੈਨਲ ਤਾਂ
ਭੁਲ ਗਏ ਨੇ ਆਪਣਾ ਫ਼ਰਜ਼
ਅਤੇ ਤੁਰ ਰਹੇ ਨੇ ਉਲਟ ਪਾਸੇ
ਉਹਨਾਂ ਨੂੰ ਕ੍ਰਿਕਟ ਦੀ ਖੇਡ
ਫ਼ਿਲਮੀ ਸਿਤਾਰਿਆਂ ਬਿਨਾਂ
ਹੋਰ ਕੁਝ ਨਜ਼ਰ ਨਹੀਂ ਆਉਂਦਾ
ਜੇ ਸਚਿਨ ਜਾਂ ਧੋਨੀ ਨੂੰ
ਲੱਗ ਜਾਵੇ ਨਿੱਕੀ ਜਿਹੀ ਸੱਟ
ਜਾਂ ਹੋ ਜਾਵੇ ਜ਼ੁਕਾਮ
ਤਾਂ ਕਿੰਨੇ ਹੀ ਦਿਨ
ਇਸ ਬਾਰੇ ਦੇਂਦੇ ਰਹਿੰਦੇ ਨੇ ਖ਼ਬਰਾਂ
ਐਸ਼ਵਰਿਯਾ ਦੇ ਅਮਿਤਾਭ ਬਚਨ ਦੇ ਮੁੰਡੇ ਨਾਲ
ਹੋਏ ਵਿਆਹ ਦਾ



ਇਕ ਇਕ ਸੀਨ ਚਟਖਾਰੇ ਲਾ ਲਾ ਕੇ
ਵਿਖਾਉਂਦੇ ਰਹਿੰਦੇ ਹਨ ਕਿੰਨੇ ਦਿਨ

ਮੀਡੀਆ ਤਾਂ ਖੇਡ ਰਿਹਾ ਹੈ
ਕ੍ਰਿਕਟ ਕੰਟਰੋਲ ਬੋਰਡ ਦੇ ਮੈਂਬਰਾਂ
ਤੇ ਮੁੱਠੀ ਭਰ ਵੱਡੇ
ਵਪਾਰਕ ਅਦਾਰਿਆਂ ਦੇ ਹੱਥਾਂ ਵਿਚ
ਇਸ ਨੇ ਆਪਣੀ ਸਾਜ਼ਿਸ਼ੀ ਨੀਤੀ ਨਾਲ
ਬਿਠਾ ਦਿਤਾ ਹੈ ਭੱਠਾ
ਸਾਡੀ ਕੌਮੀ ਖੇਡ ਹਾਕੀ ਦਾ
ਇਹ ਧਿਆਨ ਚੰਦ
ਬਲਬੀਰ, ਪ੍ਰਿਥੀਪਾਲ,
ਮੁਖਬੈਨ, ਸੁਰਜੀਤ, ਮਹਿੰਦਰ ਮੁਨਸ਼ੀ
ਜਾਂ ਪਰਗਟ ਸਿੰਘ ਬਾਰੇ
ਨਹੀਂ ਵਿਖਾਉਂਦਾ ਕੋਈ ਫੀਚਰ
ਜਿਨ੍ਹਾਂ ਦੀ ਮਿਹਨਤ ਤੇ ਕਲਾ ਖੇਡ ਸਦਕੇ
ਭਾਰਤ ਨੇ ਜਿੱਤੇ ਸਨ ਮੈਡਲ ਤੇ ਗੋਲਡ ਕੱਪ
ਹਾਕੀ ਦੀਆਂ ਸੈਣੀ ਭੈਣਾਂ ਨੂੰ ਤਾਂ
ਮੀਡੀਏ ਨੇ ਅਸਲੋਂ ਹੀ ਵਿਸਾਰ ਦਿੱਤਾ ਹੈ
ਇਸਨੇ ਤਾਂ ਅਸਲੋਂ ਭੁਲਾ ਦਿਤਾ ਹੈ
ਉਡਣੇ ਸਿੱਖ ਮਿਲਖਾ ਸਿੰਘ ਨੂੰ
ਤੇ ਪੀ.ਟੀ.ਊਸ਼ਾ ਨੂੰ ਵੀ
ਜਿਨ੍ਹਾਂ ਨੇ ਕਦੇ ਏਸ਼ੀਆ ਪੱਧਰ ’ਤੇ
ਭਾਰਤ ਦੀ ਝੋਲੀ
ਸੋਨ ਤਗ਼ਮਿਆਂ ਨਾਲ ਭਰੀ ਸੀ
ਪ੍ਰਦੁਮਣ ਸਿੰਘ, ਪਰਵੀਨ, ਬਹਾਦਰ ਸਿੰਘ
ਸੁਨੀਤਾ ਰਾਣੀ ਤੇ ਮਨਜੀਤ ਵੀ
ਇਸ ਨੂੰ ਯਾਦ ਨਹੀਂ ਆਉਂਦੇ
ਜਿਨ੍ਹਾਂ ਦੀਆਂ ਜਿੱਤਾਂ ਸਦਕੇ
ਏਸ਼ੀਅਨ ਖੇਡਾਂ ’ਚ

ਭਾਰਤ ਦਾ ਤਿਰੰਗਾ ਝੁਲਿਆ ਸੀ

ਇਸ ਨੂੰ ਜੇ ਕੋਈ ਹੋਰ ਯਾਦ ਹੈ ਤਾਂ
ਸਿਰਫ਼ ਸਾਨੀਆ ਮਿਰਜ਼ਾ
ਭਲਾਂ ਇਹਨਾਂ ਨੂੰ ਕੋਈ ਪੁੱਛੇ
ਉਸਦੀ ਅੰਤਰਰਾਸ਼ਟਰੀ ਪੱਧਰ 'ਤੇ
ਕਿੱਡੀ ਕੁ ਵੱਡੀ ਪ੍ਰਾਪਤੀ ਹੈ?
ਉਸ ਨਾਲੋਂ ਤਾਂ ਸਾਡੇ ਨਿਸ਼ਾਨੇਬਾਜ਼
ਤੀਰਅੰਦਾਜ਼ ਹਜ਼ਾਰਾਂ ਦਰਜੇ ਚੰਗੇ ਹਨ

ਚਲੋ ਖਿਡਾਰੀਆਂ ਦੀ ਗੱਲ ਤਾਂ ਇਕ ਪਾਸੇ ਰਹੀ
ਇਸ ਨੇ ਤਾਂ ਮਹਾਂ ਵੀਰਾਂਗਣ ਦੁਰਗਾ ਭਾਬੀ ਤੇ
ਕੈਪਟਨ ਲਕਸ਼ਮੀ ਸਹਿਗਲ ਬਾਰੇ ਵੀ
ਕੋਈ ਗੱਲ ਕਰਨ ਦੀ ਵੀ
ਸੌਂਹ ਖਾਧੀ ਹੋਈ ਹੈ
ਦੇਸ਼ ਆਜ਼ਾਦੀ ਦੇ ਬਾਕੀ ਪ੍ਰਵਾਨਿਆਂ ਨੂੰ ਵੀ
ਮੀਡੀਏ ਨੇ ਸਹੀ ਢੰਗ ਨਾਲ
ਕਦੀ ਘੱਟ ਹੀ ਪੇਸ਼ ਕੀਤਾ ਹੈ
ਇਸ ਨੂੰ ਤਾਂ ਕਿਰਨ ਬੇਦੀ ਦੀ
ਕੋਈ ਪ੍ਰਾਪਤੀ ਵਿਖਾਉਣੀ ਵੀ ਚੰਗੀ ਨਹੀਂ ਲਗਦੀ

ਮੀਡੀਆ ਤਾਂ ਹੁਣ ਅਸ਼ਲੀਲ ਮਾਰਧਾੜ ਵਾਲੇ ਗੀਤਾਂ ਨਾਲ
ਕੋਕ ਸ਼ਾਸਤਰ ਦੇ ਐਸੇ ਦ੍ਰਿਸ਼ ਪੇਸ਼ ਕਰ ਰਿਹਾ ਹੈ
ਜਿਨ੍ਹਾਂ ਨੂੰ ਵੇਖਕੇ
ਬੰਦਾ ਆਪਣੇ ਪਰਿਵਾਰ ਵਿਚ ਬੈਠਾ ਹੀ
ਸ਼ਰਮ ਨਾਲ ਗਰਕ ਹੋ ਜਾਂਦਾ ਹੈ।
23.12.2007



## ੦ ਲੋਕਤੰਤਰ

ਇਹ ਕੇਹਾ ਲੋਕਤੰਤਰ ਹੈ ਕਿ
ਕੋਈ ਇਮਾਨਦਾਰ ਲੋਕ-ਹਤੈਸ਼ੀ ਵਿਦਵਾਨ,
ਲੋਕ ਹੱਕਾਂ 'ਤੇ ਪਹਿਰਾ ਦੇਣ ਵਾਲਾ,
ਸੱਚਾਈ ਦੇ ਰਾਹ 'ਤੇ ਚੱਲਣ ਵਾਲਾ,
ਨੇਕ ਸੂਝਵਾਨ ਚੋਣ ਨਹੀਂ ਜਿੱਤ ਸਕਦਾ,
ਚੋਣਾਂ ਤਾਂ ਜਿੱਤਦੇ ਹਨ,
ਸਰਮਾਏਦਾਰਾਂ ਦੇ ਮੋਹਰੇ,
ਅਪਰਾਧੀ ਗਰੋਹਾਂ ਦੇ ਸਰਗਨੇ,
ਕੱਟੜਪੰਥੀ ਦੰਗੇ ਕਰਵਾਉਣ ਵਾਲੇ,
ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਕਰਨ ਵਾਲੇ
ਮੁਜਰਿਮਾਂ ਨੂੰ ਪਨਾਹ ਦੇਣ ਵਾਲੇ ਨੇਤਾ

ਕੋਈ ਸੱਚਾ ਲੋਕ ਸੇਵਕ
ਚੋਣ ਵਿਚ ਕਰੋੜਾਂ ਰੁਪਏ,
ਪਾਣੀ ਵਾਂਗ ਕਿਵੇਂ ਵਹਾ ਸਕਦਾ ਹੈ?
ਭੁੱਕੀ, ਅਫ਼ੀਮ ਦੇ ਲੰਗਰ ਕਿਵੇਂ ਲਗਾ ਸਕਦਾ ਹੈ?
ਰਿਸ਼ਵਤਖ਼ੋਰ ਬੇਈਮਾਨ ਨੇਤਾ,
ਜਾਂ ਉਹਨਾਂ ਦੇ ਮਗ਼ਰੂਰ ਵਿਗੜੇ ਕਾਕੇ ਹੀ
ਲੋਕ ਸੇਵਾ ਦਾ ਨਕਾਬ ਪਾ ਕੇ,
ਪੁਲਿਸ ਦੀ ਮਿਲੀ-ਭੁਗਤ ਨਾਲ,
ਇਹ ਸਭ ਕੁਝ ਕਰ ਸਕਦੇ ਹਨ
ਜੇ ਕੋਈ ਬਹੁਤਾ ਅੜੇ
ਤਾਂ ਉਸਦੇ ਗੋਲੀ ਠੋਕ ਸਕਦੇ ਹਨ
ਲੁਭਾਣੇ ਲਾਰੇ ਲਾ ਸਕਦੇ ਹਨ,
ਲੋਕਾਂ ਨੂੰ ਭਰਮਾ ਸਕਦੇ ਹਨ
ਪਾਰਟੀ ਤੇ ਚੋਣ ਨਿਸ਼ਾਨ ਕੋਈ ਵੀ ਹੋ ਸਕਦਾ ਹੈ
ਪਰ ਸਭ ਦਾ ਉਦੇਸ਼

ਹਰ ਹੀਲੇ ਰਾਜ-ਸੱਤਾ ਦੀ ਪ੍ਰਾਪਤੀ ਕਰਨ ਤੋਂ ਸਿਵਾਇ
ਹੋਰ ਕੁਝ ਨਹੀਂ ਹੁੰਦਾ।

ਸਾਡੇ ਚੁਣੇ ਹੋਏ ਨੇਤਾ,
ਵਿਧਾਨ ਸਭਾਵਾਂ ਜਾਂ ਲੋਕ ਸਭਾ ਵਿਚ,
ਕਿਸੇ ਜਮਾਤ ਦੇ ਨਲਾਇਕ ਵਿਦਿਆਰਥੀਆਂ ਵਾਂਗ,
ਰੌਲਾ ਪਾਉਂਦੇ ਹਨ,
ਮੇਜ਼ ਥਪਥਪਾਉਂਦੇ ਹਨ,
ਭੰਨ-ਤੋੜ ਕਰਦੇ,
ਨਾਹਰੇ ਲਗਾਉਂਦੇ ਹਨ,
ਤੇ ਕਈ ਵਾਰ ਆਪਸ ਵਿਚ ਹੱਥੋ ਪਾਈ ਵੀ ਹੁੰਦੇ ਹਨ
ਲਾਚਾਰ ਸਪੀਕਰ ਬਾਰ ਬਾਰ
ਉਹਨਾਂ ਨੂੰ ਅਨੁਸ਼ਾਸ਼ਨ ਵਿਚ ਰਹਿਣ ਬਾਰੇ ਆਖਦਾ ਹੈ,
ਪਰ ਵਿਗੜੇ ਹੋਏ ਨੇਤਾ
ਉਸਦੀ ਗੱਲ ਕਦ ਸੁਣਦੇ ਹਨ,
ਉਹ ਤਾਂ ਲੋਕਤੰਤਰ ਦਾ ਮਜ਼ਾਕ ਉਡਾਉਂਦੇ ਹਨ
ਉਹਨਾਂ ਤੋਂ ਕਿਸੇ ਭਲੇ ਕੰਮ ਦੀ ਆਸ ਕਰਨੀ ਫ਼ਜ਼ੂਲ ਹੈ।



## • ਰਿਸ਼ਤੇ

ਧਨ ਦੌਲਤ, ਰੁਤਬਾ
ਸਭ ਰਿਸ਼ਤੇ ਬਦਲ ਦੇਂਦੇ ਹਨ

ਉੱਚੇ ਰੁਤਬੇ ਵਾਲਾ ਅਫ਼ਸਰ
ਆਪਣੇ ਗ਼ਰੀਬ ਬਾਪ ਦੀ
ਆਪਣੇ ਜਾਣਕਾਰਾਂ ਨਾਲ
ਜਾਣ ਪਛਾਣ ਕਰਵਾਉਣੀ
ਆਪਣੀ ਹਤਕ ਸਮਝਦਾ ਹੈ

ਖ਼ੂਨ ਦੇ ਰਿਸ਼ਤਿਆਂ ਨੂੰ ਵੀ
ਬਹੁਤੀ ਵਾਰੀ ਧਨਵਾਨ ਨਕਾਰ ਦੇਂਦੇ ਹਨ

ਅਮੀਰਾਂ, ਮੰਤਰੀਆਂ, ਵਿਧਾਇਕਾਂ ਨਾਲ
ਦੂਰੋਂ ਨੇੜਿਓਂ ਹਰ ਕੋਈ ਰਿਸ਼ਤੇਦਾਰੀ
ਕੱਢਣ ਦੀ ਵਿਅਰਥ ਕੋਸ਼ਿਸ਼ ਕਰਦਾ ਹੈ

ਪਰ ਜਦੋਂ ਕੋਈ ਸਾਧਾਰਣ ਜਿਹਾ ਸਕਾ ਸਬੰਧੀ
ਆਪਣੇ ਵੱਡੇ ਰਿਸ਼ਤੇਦਾਰ ਨੂੰ ਮਿਲਣ
ਕਿਸੇ ਕੰਮ ਲਈ
ਦੂਰੋਂ ਕਿਰਾਇਆ ਖ਼ਰਚ
ਰਾਜਧਾਨੀ ਜਾਂ ਸ਼ਹਿਰ ਮਿਲਣ ਜਾਂਦਾ ਹੈ
ਤਾਂ ਆਲੀਸ਼ਾਨ ਕੋਠੀ ਦੇ ਗੇਟ ’ਤੇ ਖੜਾ ਸੰਤਰੀ
ਅੰਦਰ ਫ਼ੋਨ ਕਰਕੇ ਪੁੱਛਦਾ ਹੈ
ਤੇ ਫੇਰ ਆਖ ਦੇਂਦਾ ਹੈ
‘ਸਾਹਿਬ ਘਰ ਨਹੀਂ
ਤੁਸੀਂ ਕਦੇ ਫਿਰ ਆਉਣਾ।’

ਕੋਠੀ ਦੇ ਕੁੱਤੇ
ਐਨੀ ਜ਼ੋਰ ਦੀ ਭੌਂਕਦੇ ਹਨ
ਕਿ ਵਿਚਾਰਾ ਦੂਰੋਂ ਚੱਲ ਕੇ
ਆਇਆ ਹੋਇਆ ਬੰਦਾ
ਚਕਰਾ ਜਾਂਦਾ ਹੈ
ਤੇ ਸੋਚਾਂ ਵਿਚ ਡੁੱਬਾ
ਨਿਰਾਸ ਮੂੰਹ ਲਟਕਾਈ
ਆਪਣੀ ਪੱਤ ਲੁਹਾ ਕੇ
ਵਾਪਸ ਘਰ ਪਰਤ ਆਉਂਦਾ ਹੈ

ਧਨ-ਦੌਲਤ ਰੁਤਬਾ
ਰਿਸ਼ਤਿਆਂ ਨੂੰ ਕਿੰਨਾ ਬਦਲ ਦਿੰਦੇ ਹਨ।
21.12.2007



## • ਕਵੀ ਦੀ ਪਤਨੀ

ਮੇਰੇ ਵਰਗੇ
ਕਿਸੇ ਵੀ ਕਵੀ ਦੀ ਪਤਨੀ
ਪਤੀ ਦੇ ਹੁੰਦਿਆਂ ਵੀ
ਪੂਰੀ ਸੁਹਾਗਣ ਨਹੀਂ ਹੁੰਦੀ

ਆਪਣੇ ਤੇ ਲੋਕਾਂ ਦੇ
ਜਜ਼ਬਿਆਂ, ਰੀਝਾਂ ਸੁਪਨਿਆਂ ਨੂੰ
ਰੂਪਮਾਨ ਕਰਨ ਵਾਲਾ ਕਵੀ
ਆਪਣੀ ਪਤਨੀ ਦੀਆਂ
ਕੋਮਲ ਭਾਵਨਾਵਾਂ ਨੂੰ
ਹਰ ਰੋਜ਼ ਕਤਲ ਕਰਦਾ ਹੈ

ਕਵੀ ਦਰਬਾਰਾਂ ਵਿਚ
ਸੱਜੀਆਂ ਧਜੀਆਂ ਕਵਿਤਰੀਆਂ ਦੇ
ਰੂਪ ਦਾ ਦੀਵਾਨਾ ਹੋ
ਉਹਨਾਂ ਦੇ ਰੂਪ ਦੀ ਪ੍ਰਸ਼ੰਸਾ ਕਰਦਾ
ਲਾਅਲਾਂ ਸੁੱਟਦਾ ਰਹਿੰਦਾ ਹੈ ਉਹ
ਇਸ ਉਡੀਕ ਵਿਚ
ਕਿ ਊਂਠ ਦਾ ਬੁੱਲ੍ਹ
ਬਸ ਹੁਣ ਡਿੱਗਣ ਹੀ ਵਾਲਾ ਹੈ

ਕਿਸੇ ਅਹਾਤੇ ਜਾਂ ਹੋਟਲ 'ਚ
ਸ਼ਾਇਰ ਦੋਸਤਾਂ ਨਾਲ
ਵਿਸਕੀ ਪੀਂਦਾ,
ਮੁਰਗਾ ਖਾਂਦਾ
ਸੁਣਦਾ ਸੁਣਾਉਂਦਾ ਰਹਿੰਦਾ ਹੈ
ਅਸ਼ਲੀਲ ਲੁੱਚੇ ਲਤੀਫ਼ੇ

ਅੱਧੀ ਰਾਤ ਨੂੰ,
ਖਾ ਪੀ, ਦਾਰੂ 'ਚ ਗੁੱਟ ਹੋ
ਲੜਖੜਾਉਂਦਾ ਜਦ ਘਰ ਆਉਂਦਾ ਹੈ
ਤਾਂ ਬੱਚੇ ਪਾਪਾ ਨੂੰ ਉਡੀਕਦੇ
ਕਦੋਂ ਦੇ ਸੌਂ ਚੁੱਕੇ ਹੁੰਦੇ ਹਨ
ਪਰ ਭੁੱਖੀ ਪਤਨੀ
ਕਰ ਰਹੀ ਹੁੰਦੀ ਹੈ ਉਸ ਦੀ ਉਡੀਕ

ਆਪਣੀ ਪਤਨੀ ਸੰਗ ਲੇਟਿਆਂ ਵੀ
ਉਹ ਸੁਪਨੇ ਲੈ ਰਿਹਾ ਹੁੰਦਾ ਏ
ਕਿਸੇ ਚੁਲਬਲੀ ਮ੍ਰਿਗ ਨੈਣੀਂ ਕਵਿਤਰੀ ਦੇ
ਆਪਣੀ ਪਤਨੀ ਕੋਲ ਬੈਠਾ ਵੀ
ਕਵੀ ਉਸ ਕੋਲ ਨਹੀਂ ਹੁੰਦਾ

ਉਹ ਤਾਂ ਉਸ ਸਮੇਂ ਵੀ
ਢੂੰਡ ਰਿਹਾ ਹੁੰਦਾ ਏ
ਕਿਸੇ ਕਵਿਤਾ, ਗੀਤ ਜਾਂ ਗ਼ਜ਼ਲ ਲਈ
ਸਹੀ ਸ਼ਬਦ, ਸੱਜਰੇ ਬਿੰਬ,
ਸੱਜਰੇ ਖ਼ਿਆਲ
ਏਸੇ ਲਈ ਤਾਂ
ਕਵੀ ਦੀ ਪਤਨੀ ਨੂੰ ਹਰ ਰੋਜ਼
ਤਿੱਖੀਆਂ ਸੂਲ਼ਾਂ
ਭੱਖਦੇ ਅੰਗਿਆਰਾਂ 'ਤੇ ਤੁਰਨਾ ਪੈਂਦਾ ਹੈ

ਕਵੀ ਹੋਰ ਤਾਂ ਸਭ ਕੁਝ
ਜਾਣਦਾ ਹੈ, ਸਮਝਦਾ ਹੈ
ਜੇ ਨਹੀਂ ਸਮਝਦਾ ਤਾਂ ਬਸ
ਆਪਣੀ ਪਤਨੀ ਦੀਆਂ ਸੱਧਰਾਂ
ਤੇ ਸੁੱਚੇ ਮੋਹ ਦਾ ਅਹਿਸਾਸ



ਕਵੀ ਤਾਂ ਕਵਿਤਰੀਆਂ ਨਾਲ
ਫੋਨ 'ਤੇ ਦੇਰ ਤਕ ਕਰਦਾ ਰਹਿੰਦਾ ਹੈ
ਮਿੱਠੀਆਂ ਗੱਲਾਂ
ਬੰਨ੍ਹਦਾ ਰਹਿੰਦਾ ਹੈ
ਉਨ੍ਹਾਂ ਦੀਆਂ ਨਿਕੰਮੀਆਂ ਕਵਿਤਾਵਾਂ ਦੀ
ਝੂਠੀ ਪ੍ਰਸੰਸਾ ਦੇ ਪੁਲ਼
ਘਰ ਆਈ ਕਿਸੇ ਕਵਿਤਰੀ ਨਾਲ
ਹੱਸ ਹੱਸ ਗੱਲਾਂ ਕਰਦਾ
ਉਹ ਕਦੇ ਨਹੀਂ ਥੱਕਦਾ
ਪਰ ਆਪਣੀ ਪਤਨੀ ਨਾਲ
ਦੋ ਬੋਲ ਸਾਂਝੇ ਕਰਨੇ ਵੀ
ਉਸ ਲਈ ਭਾਰ ਬਣ ਜਾਂਦੇ ਹਨ

ਏਸੇ ਲਈ ਤਾਂ ਮੇਰੇ ਵਰਗੇ
ਕਿਸੇ ਵੀ ਕਵੀ ਦੀ ਪਤਨੀ
ਪਤੀ ਦੇ ਹੁੰਦਿਆਂ ਵੀ
ਪੂਰੀ ਸੁਹਾਗਣ ਨਹੀਂ ਹੁੰਦੀ।

## • ਪ੍ਰਦੂਸ਼ਣ

ਕੋਈ ਪ੍ਰਦੂਸ਼ਣ ਤੋਂ
ਕਿਵੇਂ ਬਚੇਗਾ?
ਹੁਣ ਤਾਂ ਮਾਂ ਦਾ ਦੁੱਧ ਵੀ
ਹੋ ਚੁੱਕਾ ਹੈ ਪ੍ਰਦੂਸ਼ਿਤ

ਅਨਾਜ, ਫ਼ਸਲਾਂ
ਸਬਜ਼ੀਆਂ, ਫੁੱਲਾਂ 'ਤੇ
ਛਿੜਕੀ ਜਾਂਦੀ ਜ਼ਹਿਰ
ਪਹੁੰਚ ਚੁੱਕੀ ਹੈ
ਇਨਸਾਨਾਂ ਦੇ ਜਿਸਮਾਂ ਅੰਦਰ

ਗਾਵਾਂ, ਮੱਝਾਂ ਦੀਆਂ
ਧਾਰਾਂ ਕੱਢਣ ਤੋਂ ਪਹਿਲਾਂ
ਉਹਨਾਂ ਨੂੰ ਲਾਏ ਜਾਂਦੇ ਨੇ
ਨਸ਼ੇ ਦੇ, ਜ਼ਹਿਰ ਦੇ ਟੀਕੇ
ਦੁੱਧ ਵੀ ਹੁਣ ਅੰਮ੍ਰਿਤ ਨਹੀਂ ਰਿਹਾ

ਦਰਿਆਵਾਂ ਅਤੇ ਧਰਤੀ ਹੇਠਲੇ ਪਾਣੀ ਨੂੰ
ਕਾਰਖ਼ਾਨਿਆਂ ਦੇ ਗੰਦੇ ਜ਼ਹਿਰੀਲੇ ਪਾਣੀ ਨੇ
ਕਰ ਦਿੱਤਾ ਹੈ ਪ੍ਰਦੂਸ਼ਿਤ
ਧਰਤੀ ਦੇ ਕਣ ਕਣ ਨੂੰ ਵੀ
ਜ਼ਹਿਰੀਲਾ ਬਣਾਇਆ ਜਾ ਰਿਹਾ ਹੈ

ਹਵਾ ਵਿਚ
ਪਲ ਪਲ ਘੁਲ ਰਿਹਾ ਹੈ
ਚਿਮਨੀਆਂ 'ਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ
ਜੈਨਰੇਟਰ, ਏ.ਸੀ. ਵੀ ਮਿਲਾ ਰਹੇ ਨੇ ਹਵਾ 'ਚ ਜ਼ਹਿਰ



ਬੇਹਿਸਾਬਾ ਸ਼ੋਰ ਕੰਨ ਬੋਲ਼ੇ ਕਰ ਰਿਹੈ
ਐਟਮੀ ਤਜਰਬਿਆਂ ਦਾ
ਹੋ ਰਿਹਾ ਹੈ ਮਾਰੂ ਅਸਰ

ਇਸ ਵਿਗਿਆਨਕ ਸਨਅਤੀ ਯੁੱਗ ਵਿਚ
ਧਰਤੀ ਜਲਵਾਯੂ ਨੂੰ
ਪ੍ਰਦੂਸ਼ਿਤ ਕਰ ਕੇ
ਆਦਮੀ ਆਪਣੇ ਲਈ ਖ਼ੁਦ ਹੀ
ਸਹੇੜ ਰਿਹਾ ਹੈ ਐਸੇ ਰੋਗ
ਜਿਨ੍ਹਾਂ ਦਾ ਇਲਾਜ ਕੋਈ ਨਹੀਂ ਕਿਧਰੇ
24.12.2007

## • ਰੁੱਖ

ਰੁੱਖ ਦੇਣ ਸਾਨੂੰ ਸੁੱਖ
ਤੇ ਮਿਟਾਉਣ ਸਾਡੀ ਭੁੱਖ
ਰੁੱਖ ਵੰਡਦੇ ਨੇ ਠੰਡੀਆਂ ਛਾਵਾਂ
ਰੁੱਖ ਸਾਨੂੰ ਇੰਝ ਮਿਲਦੇ
ਜਿਉਂ ਪੁੱਤਰਾਂ ਨੂੰ ਮਾਵਾਂ।

ਰੁੱਖ ਮੇਵਿਆਂ ਦੀ ਖਾਣ
ਦੁੱਖ ਰੋਗ ਇਹ ਮਿਟਾਣ
ਪੱਤੇ, ਫ਼ਲ, ਫੁੱਲ, ਜੜ੍ਹਾਂ
ਸੰਜੀਵਨੀ ਬਨਾਣ

ਦੇਣ ਆਸਰਾ ਇਹ
ਕੋਈ ਜੇ ਨਿਥਾਵਾਂ...

ਰੁੱਖ ਜ਼ਿੰਦਗੀ ਦੇ ਦਾਤੇ
ਇਹ ਨੇ ਜ਼ਿੰਦਗੀ ਦੇ ਰਾਖੇ
ਧੁੱਪ, ਠੰਡ ਤੋਂ ਬਚਾਣ
ਰੁੱਖ ਪ੍ਰਾਣੀਆਂ ਦੇ ਪ੍ਰਾਣ

ਮਿਹਰਾਂ ਇਹਨਾਂ ਦੀਆਂ
ਕਿੰਝ ਮੈਂ ਗਿਣਾਵਾਂ?...

ਜੀਵਾਂ ਜੰਤੂਆਂ ਦੇ ਘਰ
ਇਹ ਨੇ ਖ਼ੁਸ਼ੀਆਂ ਦੇ ਦਰ
ਰੁੱਖ ਧਰਤ ਦਾ ਸ਼ਿੰਗਾਰ
ਕਰਨ ਪਰਉਪਕਾਰ



ਨਵੇਂ ਹੋਰ ਰੁੱਖ ਲਾਓ
ਜਿਹੜੇ ਲੱਗੇ ਨੇ ਬਚਾਓ

ਗੱਲ ਸਾਰਿਆਂ ਨੂੰ
ਇਹ ਸਮਝਾਵਾਂ...

ਰੁੱਖ ਸਾਨੂੰ ਇੰਝ ਮਿਲਦੇ
ਜਿਉਂ ਬੱਚਿਆਂ ਨੂੰ ਮਾਵਾਂ।

## • ਵੈਦ/ਡਾਕਟਰ

ਉਹ ਵੇਲਾ
ਹੁਣ ਕਦੋਂ ਦਾ ਬੀਤ ਗਿਆ ਹੈ
ਜਦੋਂ ਵੈਦ ਹਕੀਮ
ਮਰੀਜ਼ ਦੀ ਨਬਜ਼, ਅੱਖਾਂ ਦਾ ਰੰਗ
ਜਾਂ ਕਰੂਰਾ ਵੇਖ ਕੇ ਹੀ
ਜਾਣ ਜਾਂਦੇ ਸਨ ਬਿਮਾਰੀ
ਉਹਨਾਂ ਦੀਆਂ ਕੁਝ ਪੁੜੀਆਂ ਹੀ
ਵੱਡੀਆਂ ਵੱਡੀਆਂ ਬਿਮਾਰੀਆਂ
ਕਰ ਦੇਂਦੀਆਂ ਸੀ ਦੂਰ
ਮਰੀਜ਼ ਹੋ ਜਾਂਦਾ ਸੀ ਰਾਜ਼ੀ
ਵੈਦ ਜੀ ਨੂੰ ਕੋਈ ਜੋ ਵੀ ਦੇ ਆਉਂਦਾ
ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਸਨ
ਕੁਦਰਤ ਨਾਲ ਇਕਸੁਰ
ਇਹਨਾਂ ਵੈਦਾਂ ਹਕੀਮਾਂ ਦੇ ਘਰ
ਉਹਨਾਂ ਦੇ ਚੇਲੇ ਬਾਲਕੇ
ਕੁਟਦੇ ਰਹਿੰਦੇ ਸਨ ਦਵਾਈਆਂ
ਮਾਰਦੇ ਰਹਿੰਦੇ ਸਨ ਇਹ ਕੁਸ਼ਤੇ
ਬਣਾਉਂਦੇ ਰਹਿੰਦੇ ਸਨ
ਵੱਖ ਵੱਖ ਰੋਗਾਂ ਲਈ ਭਸਮਾਂ, ਔਸ਼ੁੱਧੀਆਂ
.... .... ....
ਕਦੀ ਕਦੀ ਕਿਸੇ ਦੇ ਘਰ
ਕੋਈ ਯੋਗੀ ਅਲਖ ਜਗਾਉਂਦਾ
ਘਰ ਦੀ ਸੁਆਣੀ ਉਸ ਨੂੰ
ਪ੍ਰਸ਼ਾਦਾ ਛਕਾਉਂਦੀ
ਲੱਸੀ ਪਿਲਾਉਂਦੀ
ਯੋਗੀ ਪ੍ਰਸੰਨ ਹੋ ਪੁੱਛਦਾ
ਮਾਈ ਇਸ ਮੰਜੇ 'ਤੇ ਕੌਣ ਪਿਆ ਹੈ?



ਮਾਈ ਆਪਣੇ ਪੁੱਤਰ ਦੇ ਅਸਾਧ ਰੋਗ ਬਾਰੇ ਦੱਸਦੀ
ਯੋਗੀ ਜੌਂ ਦੇ ਦਾਣੇ ਬਰਾਬਰ
ਬੱਚੇ ਨੂੰ ਦੁੱਧ ਜਾਂ ਦਹੀਂ ਨਾਲ
ਦੇ ਦੇਂਦਾ ਕੋਈ ਐਸੀ ਭਸਮ
ਬੱਚਾ ਕੁਝ ਦਿਨਾਂ 'ਚ ਹੀ
ਹੋ ਜਾਂਦਾ ਨੌਂ ਬਰ ਨੌਂ

ਪਰ ਅੱਜ ਦੇ ਡਾਕਟਰ
ਲੈਂਦੇ ਨੇ ਚਾਰ ਪੰਜ ਸੌ
ਵੇਖਣ ਦੀ ਫੀਸ
ਫਿਰ ਲਿਖ ਦੇਂਦੇ ਨੇ
ਮਰੀਜ਼ ਦੇ ਕਿੰਨੇ ਸਾਰੇ ਟੈਸਟ
ਜਿਨ੍ਹਾਂ 'ਚ ਹੁੰਦਾ ਏ
ਡਾਕਟਰਾਂ ਦਾ ਕਮਿਸ਼ਨ
ਫਿਰ ਵੀ ਲੱਗੀਆਂ ਰਹਿੰਦੀਆਂ ਨੇ
ਡਾਕਟਰਾਂ ਕੋਲ ਲੰਮੀਆਂ ਕਤਾਰਾਂ
ਸਵੇਰ ਸ਼ਾਮ
ਡਾਕਟਰ ਮਰੀਜ਼ ਨੂੰ
ਵੇਖਦੇ ਨੇ ਆਪਣੇ ਘਰ
ਫਿਰ ਹਸਪਤਾਲ ਵੀ
ਡਿਊਟੀ ਦੇ ਆਉਂਦੇ ਨੇ

ਹਰ ਰੋਜ਼ ਡਾਕਟਰਾਂ ਕੋਲ
ਲੱਗ ਜਾਂਦੇ ਨੇ ਨੋਟਾਂ ਦੇ ਢੇਰ
ਬਣ ਜਾਂਦੀਆਂ ਨੇ
ਡਾਕਟਰਾਂ ਦੀਆਂ ਆਲੀਸ਼ਾਨ ਇਮਾਰਤਾਂ
ਪੈਸੇ ਕਮਾਉਣ ਵਾਲੀਆਂ ਇਨ੍ਹਾਂ ਮਸ਼ੀਨਾਂ ਨੂੰ
ਖ਼ੁਦ ਲੱਗ ਜਾਂਦੇ ਨੇ ਰੋਗ
ਆਪਣੀ ਟੈਨਸ਼ਨ ਨੂੰ ਦੂਰ ਕਰਨ ਲਈ
ਨਸ਼ਿਆਂ 'ਚ ਵੀ

ਹੋ ਜਾਂਦੇ ਨੇ ਕਈ ਡਾਕਟਰ ਗਲਤਾਨ
ਫਿਰ ਅਚਾਨਕ ਕਿਸੇ ਦਿਨ
ਸਭ ਕੁਝ ਭਰਿਆ ਭਰਾਇਆ ਛੱਡ
ਤੁਰ ਜਾਂਦੇ ਨੇ ਇਹ ਡਾਕਟਰ
ਉਹਨਾਂ ਦੀ ਕੁਰਸੀ 'ਤੇ
ਬੈਠ ਜਾਂਦਾ ਹੈ
ਉਹਨਾਂ ਦਾ ਕੋਈ ਬੇਟਾ, ਬੇਟੀ।
25.12.2007



## • ਦੱਖਣੀ ਰਾਜਾਂ 'ਚ ਫੈਲ ਰਹੀ ਮਾਉਵਾਦੀ ਨਕਸਲੀ ਲਹਿਰ

ਦੇਸ਼ ਦੇ ਦੱਖਣੀ ਰਾਜਾਂ 'ਚ
ਫਿਰ ਫੈਲ ਰਹੀ ਹੈ
ਮਾਉਵਾਦੀ ਨਕਸਲੀ ਲਹਿਰ
ਸਰਕਾਰ ਦੇ ਸੁਰੱਖਿਆ ਪ੍ਰਬੰਧ
ਹੁੰਦੇ ਜਾ ਰਹੇ ਨੇ ਨਾਕਾਮ
ਬਾਰੂਦੀ ਸੁਰੰਗਾਂ ਫਟਣ 'ਤੇ
ਮਾਰੇ ਜਾਂਦੇ ਨੇ
ਸੀ.ਆਰ.ਪੀ.ਐਫ. ਦੇ ਜਵਾਨ
ਪੁਲਿਸ ਚੌਂਕੀਆਂ ਅਤੇ ਥਾਣਿਆਂ 'ਤੇ
ਕਰਕੇ ਹਮਲਾ, ਮਾਰ ਅਮਲਾ
ਲੁੱਟ ਲੈ ਜਾਂਦੇ ਨੇ ਅਸਲਾ ਨਕਸਲੀ

ਪਰ ਭੂਮੀਪਤੀ
ਜਦ ਸਾੜ ਦੇਂਦੇ ਸਨ
ਭੂਮੀਹੀਨ ਆਦਿਵਾਸੀਆਂ ਦੀਆਂ ਝੁੱਗੀਆਂ
ਕਰ ਜਾਂਦੇ ਸਨ ਉਹਨਾਂ ਦਾ ਨਰਸੰਘਾਰ
ਤਾਂ ਸਰਕਾਰ ਸੁੱਤੀ ਰਹੀ
ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਨੇ
ਮਿਲ ਕੇ ਗ੍ਰਹਿ ਮੰਤਰੀ ਦੇ ਨਾਲ
ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾਈ ਹੈ
ਤੇ ਉਹਨਾਂ ਨੂੰ ਆਖਿਆ ਹੈ
ਨਕਸਲੀ ਲਹਿਰ ਦਾ
ਹਰ ਹੀਲੇ ਸਫ਼ਾਇਆ ਕਰੋ
ਕਰੋੜਾਂ ਅਰਬਾਂ ਰੁਪਏ
ਇਸ ਲਈ ਤੁਹਾਨੂੰ ਦਿੱਤੇ ਜਾ ਰਹੇ ਨੇ
ਪਰ ਨਹੀਂ ਸੋਚਦੇ ਸਾਡੇ ਲੀਡਰ
ਇਸ ਸਮੱਸਿਆ ਦਾ ਸਹੀ ਹੱਲ

ਕਿਉਂ ਨਹੀਂ ਉਹ ਜੰਗਲਾਂ ਦੇ
ਭੂਮੀਹੀਣਾਂ ਆਦਿਵਾਸੀਆਂ ਨੂੰ
ਦੇ ਦੇਂਦੇ ਜ਼ਮੀਨ, ਉਨ੍ਹਾਂ ਦੇ ਹੱਕ
ਕਰੋੜਾਂ ਅਰਬਾਂ ਰੁਪਏ
ਨਕਸਲੀ ਲਹਿਰ ਨੂੰ ਖ਼ਤਮ ਕਰਨ ਦੀ ਥਾਂ
ਸਰਕਾਰ ਇਹ ਧੰਨ
ਉਹਨਾਂ ਲੋਕਾਂ ਦੀ ਬਿਹਤਰੀ 'ਤੇ ਵੀ ਤਾਂ
ਕਰ ਸਕਦੀ ਹੈ ਖ਼ਰਚ
ਪਰ ਭੂਮੀਪਤੀਆਂ
ਪੂੰਜੀਪਤੀਆਂ ਦੇ ਹੱਕਾਂ ਨੂੰ
ਪਹਿਲ ਦੇਣ ਵਾਲੀ ਸਰਕਾਰ ਕਦੀ ਇੰਜ ਨਹੀਂ ਕਰੇਗੀ
ਅਤੇ ਭੁੱਖੇ ਮਰਦੇ ਲੋਕ
ਹਥਿਆਰਬੰਦ ਸੰਘਰਸ਼ ਨਹੀਂ ਕਰਨਗੇ
ਤਾਂ ਹੋਰ ਕੀ ਕਰਨਗੇ
ਤਾਕਤ ਨਾਲ ਉਹਨਾਂ ਦਾ ਸੰਘਰਸ਼
ਕਦੀ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਣਾ।



## • ਹਿੰਦ-ਪਾਕਿ ਦੋਸਤੀ

ਹਿੰਦ ਪਾਕਿ
ਦੋਹਾਂ ਦੇਸ਼ਾਂ ਦੇ ਹੁਕਮਰਾਨ
ਹੁਣ ਅਕਸਰ ਕਰਦੇ ਰਹਿੰਦੇ ਨੇ
ਆਪਸੀ ਦੋਸਤੀ ਦੀਆਂ ਗੱਲਾਂ
ਸਭ ਮਸਲਿਆਂ ਨੂੰ
ਅਮਨ, ਸ਼ਾਂਤੀ ਨਾਲ ਹੱਲ ਕਰਨ ਬਾਰੇ
ਪਰ ਦੋਵੇਂ ਦੇਸ਼
ਦੂਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਇਲਾਂ
ਕਰ ਰਹੇ ਨੇ ਤਿਆਰ
ਹਥਿਆਰਾਂ 'ਤੇ ਖ਼ਰਚ ਕਰ ਰਹੇ ਨੇ ਬੇਥਾਹ ਪੈਸਾ
ਦੋਵੇਂ ਦੇਸ਼
ਵਿਦੇਸ਼ੀ ਕਰਜ਼ੇ ਦੀ ਮਾਰ ਹੇਠ
ਦਬੇ ਹੋਏ ਨੇ
ਗ਼ਰੀਬੀ, ਅੰਨਪੜ੍ਹਤਾ, ਬੇਰੁਜ਼ਗਾਰੀ ਨੇ
ਦੋਹਾਂ ਦੇਸ਼ਾਂ ਦੀ ਜਨਤਾ ਨੂੰ ਮਧੋਲਿਆ ਹੋਇਆ ਹੈ
ਦੋਹਾਂ ਦੇਸ਼ਾਂ ਵਿਚ ਕੱਟੜਪੰਥੀ
ਬਹਾਉਂਦੇ ਰਹਿੰਦੇ ਨੇ ਨਿਰਦੋਸ਼ਾਂ ਦਾ ਖ਼ੂਨ
ਸਰਹੱਦਾਂ 'ਤੇ ਹੁੰਦੀ ਰਹਿੰਦੀ ਹੈ ਘੁਸਪੈਠ
ਹੁੰਦੇ ਰਹਿੰਦੇ ਨੇ ਅੱਤਵਾਦੀਆਂ ਨਾਲ ਫੌਜੀ ਮੁਕਾਬਲੇ
ਪਰ ਦੋਹਾਂ ਦੇਸ਼ਾਂ ਦੇ ਹੁਕਮਰਾਨ
ਫਿਰ ਵੀ ਕਰ ਰਹੇ ਨੇ
ਆਪਸੀ ਦੋਸਤੀ ਦੀਆਂ ਗੱਲਾਂ

## • ਖ਼ੂਨਦਾਨ

ਧਾਰਮਿਕ ਤੇ ਹੋਰ ਕਈ ਸਮਾਜ ਸੇਵੀ ਸਥਾਨਾਂ 'ਤੇ
ਲੱਗੇ ਹੁੰਦੇ ਨੇ
ਦਾਨੀਆਂ ਦੇ ਨਾਵਾਂ ਦੇ ਪੱਥਰ
ਜਿਨ੍ਹਾਂ ਨੇ ਆਪਣੇ ਮਾਤਾ ਪਿਤਾ
ਪਤਨੀ ਜਾਂ ਹੋਰ ਸਕੇ ਸਬੰਧੀਆਂ ਦੀ ਯਾਦ ਵਿਚ
ਦਿੱਤਾ ਹੁੰਦਾ ਹੈ ਦਾਨ
ਇਕਵੰਜਾ ਸੌ ਤੇ ਇਕ ਲੱਖ ਤੱਕ ਵੀ
ਇਹਨਾਂ 'ਚੋਂ ਕਈਆਂ ਨੇ
ਟੈਕਸ ਚੋਰੀ ਤੇ ਰਿਸ਼ਵਤ ਦੇ ਪੈਸੇ ਨੂੰ
ਨੇਕ ਕੰਮ ਵਿਚ ਲਾਇਆ ਹੁੰਦਾ ਏ
ਭਲੇ ਪੁਰਸ਼ਾਂ 'ਚ
ਆਪਣਾ ਨਾਂ ਲਿਖਵਾਇਆ ਹੁੰਦਾ ਹੈ

ਪਰ ਖ਼ੂਨਦਾਨੀ
ਜੋ ਬਿਨਾਂ ਕਿਸੇ ਸਵਾਰਥ
ਕਰਦੇ ਨੇ ਆਪਣਾ ਖ਼ੂਨਦਾਨ
ਉਹਨਾਂ ਦੇ ਨਾਂ ਦਾ
ਕਦੀ ਵੀ ਕਿਧਰੇ
ਕੋਈ ਪੱਥਰ ਨਹੀਂ ਲੱਗਾ ਹੁੰਦਾ

ਖ਼ੂਨਦਾਨੀ
ਜੋ ਧਰਮ, ਜ਼ਾਤ ਪਾਤ ਦੇ ਭੇਦ ਭਾਵ ਤੋਂ ਉਪਰ ਉਠ
ਖ਼ੂਨ ਦੀ ਘਾਟ ਬਿਨ
ਮਰ ਰਹੇ ਮਰੀਜ਼ ਜਾਂ ਕਿਸੇ ਫੱਟੜ ਦੀ
ਬਚਾ ਲੈਂਦੇ ਨੇ ਜਾਨ
ਉਹਨਾਂ ਤੋਂ ਵੱਡਾ ਕੋਈ ਦਾਨੀ ਨਹੀਂ ਹੁੰਦਾ



ਹਸਪਤਾਲ 'ਚ ਮੇਰੇ ਚਿਹਰੇ 'ਤੇ
ਖ਼ੂਨ ਚੜ੍ਹਣ ਬਾਅਦ
ਰੌਣਕ ਪਰਤ ਆਈ ਹੈ
ਮੈਂ ਕਰ ਰਿਹਾ ਹਾਂ
ਉਸ ਖ਼ੂਨਦਾਨੀ ਦੇ ਭਲੇ ਲਈ ਅਰਦਾਸ
ਜਿਸ ਮੈਨੂੰ ਨਵਾਂ ਜੀਵਨ ਬਖ਼ਸ਼ਿਆ ਹੈ

ਤੇ ਹੁਣ ਮੈਂ
ਸਭ ਖ਼ੂਨ ਦਾਨੀਆਂ ਦੀਆਂ ਖ਼ੁਸ਼ੀਆਂ
ਤੰਦਰੁਸਤੀ ਤੇ ਲੰਮੀ ਉਮਰ ਲਈ
ਦੁਆ ਮੰਗ ਰਿਹਾ ਹਾਂ
ਭਾਵੇਂ ਕਿਸੇ ਵੀ ਖ਼ੂਨਦਾਨੀ ਦੇ ਨਾਂ ਦਾ
ਕਿਧਰੇ ਵੀ ਕੋਈ ਪੱਥਰ
ਨਹੀਂ ਲੱਗਾ ਹੁੰਦਾ
ਪਰ ਖ਼ੂਨਦਾਨ ਤੋਂ ਵੱਡਾ
ਕੋਈ ਦਾਨ ਨਹੀਂ ਹੁੰਦਾ।
30.12.2007

## • ਦੁਆ

ਮੈਂ ਹਸਪਤਾਲ ਦੇ ਕੈਂਸਰ ਵਾਰਡ 'ਚ ਪਿਆ
ਦੁਆ ਮੰਗ ਰਿਹਾ ਹਾਂ
ਹਸਪਤਾਲ ਦੇ ਸਭ ਬੈੱਡ
ਖ਼ਾਲੀ ਪਏ ਰਹਿਣ

ਬਾਕੀ ਵਾਰਡਾਂ ਵਿਚ ਵੀ
ਕੋਈ ਮਰੀਜ਼ ਨਾ ਆਵੇ
ਡਾਕਟਰਾਂ ਕੋਲ
ਮਰੀਜ਼ਾਂ ਦੀਆਂ ਕਤਾਰਾਂ ਨਾ ਲੱਗਣ

ਛੋਟੇ ਛੋਟੇ ਮਾਸੂਮ ਬੱਚਿਆਂ
ਨੌਜਵਾਨਾਂ ਤੇ ਮੁਟਿਆਰਾਂ ਨੂੰ
ਕੋਈ ਰੋਗ ਨਾ ਲੱਗੇ
ਜ਼ਿੰਦਗੀ ਫੁੱਲਾਂ ਵਾਂਗ ਖਿੜੀ
ਮਹਿਕਾਂ ਵੰਡਦੀ ਰਹੇ
ਹਾਸੇ ਤੇ ਮੁਸਕਾਨਾਂ
ਸਭ ਦੇ ਬੁੱਲ੍ਹਾਂ 'ਤੇ ਨੱਚਦੇ ਰਹਿਣ
ਤੇ ਹਸਪਤਾਲਾਂ ਦੇ ਬੈੱਡ
ਖ਼ਾਲੀ ਪਏ ਰਹਿਣ



## • ਹਰਫ਼ਾਂ ਦੇ ਦੀਵੇ

ਮੇਰੇ ਹਰਫ਼ਾਂ ਦੇ ਦੀਵੇ ਤਾਂ
ਬਲਦੇ ਹੀ ਰਹਿਣੇ ਹਨ
ਤੇਲ ਜਾਂ ਬੱਤੀਆਂ ਤੋਂ ਬਿਨਾਂ ਵੀ
ਇਹਨਾਂ ਦੀ ਲੋਅ
ਕਿਸੇ ਝੱਖੜ, ਮੀਂਹ, ਹਨੇਰੀ, ਤੂਫ਼ਾਨ ਵਿਚ ਵੀ
ਕਦੀ ਨਹੀਂ ਬੁਝਣੀ
ਇਹਨਾਂ ਦੀ ਰੌਸ਼ਨੀ ਨੇ ਤਾਂ
ਹਨੇਰੀਆਂ ਰਾਤਾਂ ਨੂੰ ਵੀ
ਮੁਸਾਫ਼ਰਾਂ ਦੇ ਰਾਹਾਂ ਨੂੰ ਰੌਸ਼ਨ ਕਰਦੇ ਰਹਿਣਾ ਹੈ
ਸ਼ਾਇਰ ਆਉਂਦੇ ਹਨ
ਚਲੇ ਜਾਂਦੇ ਹਨ
ਪਰ ਉਹਨਾਂ ਦੇ ਬਾਲੇ
ਹਰਫ਼ਾਂ ਦੇ ਦੀਵੇ ਕਦੀ ਨਹੀਂ ਬੁਝਦੇ।

## • ਲੇਖਕ

ਅਸੀਂ ਜੋ ਲੇਖਕ,
ਸਾਰੇ ਜੱਗ ਦੇ ਲੋਕਾਂ ਨੂੰ ਤਾਂ
ਅਮਨ, ਏਕਤਾ,
ਹੱਕ ਸੱਚ ਦਾ, ਹਾਂ ਹੋਕਾ ਦੇਂਦੇ
ਐਪਰ ਸਾਡੇ ’ਚੋਂ ਹੀ ਬਹੁਤੇ,
ਅਹੁਦੇ, ਚੌਧਰ, ਕੁਰਸੀ ਅਤੇ ਇਨਾਮਾਂ ਖ਼ਾਤਿਰ,
ਇੱਕ ਦੂਜੇ ਦੀਆਂ ਲੱਤਾਂ ਖਿੱਚਦੇ,
ਆਪਣੇ ਸਿਆਸੀ ਨੇਤਾਵਾਂ ਦੇ ਪਿਛਲੱਗ ਬਣ ਕੇ,
ਹੋਰਾਂ ਤਾਈਂ ਪਿਛਾੜਨ ਦੇ ਲਈ,
ਨਵੇਂ ਨਵੇਂ ਛੜਯੰਤਰ ਰਚਦੇ,
ਹੋ ਕੇ ਸਾਹਿਤਕਾਰ ਅਸੀਂ ਹਾਂ,
ਇੱਕ ਦੂਜੇ ’ਤੇ ਚਿੱਕੜ ਸੁੱਟਦੇ,
ਰਤਾ ਨਾ ਸੰਗਦੇ, ਨਾ ਸ਼ਰਮਾਉਂਦੇ,
ਅਸੀਂ ਜ਼ਮੀਰ ਦਾ ਗਲਾ ਦਬਾਉਂਦੇ,
ਆਪਣੇ ਅੰਦਰ ਦੇ ਲੇਖਕ ਨੂੰ,
ਆਪੇ ਹੀ ਅਸੀਂ ਮਾਰ ਮੁਕਾਉਂਦੇ,
ਸਰਕਾਰਾਂ ਜਦ ਬਦਲ ਜਾਂਦੀਆਂ,
ਸਾਡੇ ਕਈ ਖੜਪੰਚ ਜੋ ਲੇਖਕ,
ਝੱਟ ਆਪਣਾ ਹਨ ਰੰਗ ਵਟਾਉਂਦੇ,
ਨਵੇਂ ਹਾਕਮਾਂ ਦੇ ਨੇ ਫਿਰ ਉਹ ਸੋਹਲੇ ਗਾਉਂਦੇ।



## • ਵੱਡਾ ਕਵੀ

ਇਨਾਮ ਪੁਰਸਕਾਰ ਲੈ ਕੇ ਹੀ
ਕੋਈ ਕਵੀ ਵੱਡਾ ਨਹੀਂ ਹੋ ਸਕਦਾ
ਇਹ ਤਾਂ ਸਭ
ਸਿਫ਼ਾਰਸ਼, ਤਿਗੜਮਬਾਜ਼ੀ ਨਾਲ ਵੀ ਮਿਲ ਸਕਦੇ ਹਨ
ਵੱਡਾ ਕਵੀ ਤਾਂ ਉਹ ਹੁੰਦਾ ਹੈ
ਜਿਸ ਦੀ ਕਵਿਤਾ
ਲੋਕਾਂ ਦੇ ਸਾਹਾਂ, ਦਿਲ ਦੀ ਧੜਕਣ ਵਿਚ ਰਚੀ ਹੁੰਦੀ ਹੈ
ਜੋ ਕਿਸੇ ਵੀ ਸਖ਼ਤੀ ਦੀ ਪਰਵਾਹ ਕੀਤੇ ਬਿਨਾਂ
ਲੋਕਾਂ ਦੇ ਹੱਕਾਂ ਦੀ ਸੱਚੀ ਗੱਲ ਕਰਦਾ ਹੈ
ਲੀਡਰਾਂ, ਧਨਵਾਨਾਂ, ਅਫ਼ਸਰਾਂ
ਪਾਖੰਡੀ ਦੰਭੀ ਲੁਟੇਰੇ ਸਿਆਸਤਦਾਨਾਂ
ਤੇ ਦੁਰਾਚਾਰੀ ਬਾਬਿਆਂ ਦੇ ਨਹੀਂ

ਉਹ ਤਾਂ ਲੋਕ ਨਾਇਕਾਂ ਦੇ ਤੇ
ਆਪਣੇ ਦਿਲ ਦੇ ਗੀਤ ਗਾਉਂਦਾ ਹੈ
ਜਿਸ ਦੀ ਕਵਿਤਾ ’ਚੋਂ
ਸੱਚ ਦੀ ਰੌਸ਼ਨੀ ਹਨ੍ਹੇਰੇ ਚੀਰਦੀ
ਲੋਕਾਂ ਨੂੰ ਮੰਜ਼ਿਲ ਦੀ ਸਹੀ ਸੇਧ ਦੇਂਦੀ ਹੈ
ਵੱਡਾ ਕਵੀ ਬਸ ਉਹੀ ਹੁੰਦਾ ਹੈ
ਜਿਸ ਦੀ ਕਵਿਤਾ ਹਰ ਦੁੱਖ ਸੁੱਖ ਵਿਚ
ਲੋਕਾਂ ਦੇ ਹੋਠਾਂ ’ਤੇ ਹੁੰਦੀ ਹੈ
ਵੱਡੇ ਵੱਡੇ ਇਨਾਮ ਪੁਰਸਕਾਰ ਲੈਣ ਵਾਲੇ
ਸਾਰੇ ਕਵੀ, ਵੱਡੇ ਨਹੀਂ ਹੁੰਦੇ।

## • ਧਰਮ\ਜ਼ਾਤ

ਕਿਸੇ ਵੀ ਨਵਜੰਮੇ ਬੱਚੇ ਤੇ
ਹਿੰਦੂ, ਮੁਸਲਮਾਨ, ਸਿੱਖ, ਈਸਾਈ
ਜਾਂ ਕਿਸੇ ਵੀ ਹੋਰ ਧਰਮ ਦਾ ਠੱਪਾ ਨਹੀਂ ਲੱਗਾ ਹੁੰਦਾ
ਤੇ ਨਾ ਹੀ ਲਿਖੀ ਹੁੰਦੀ ਹੈ ਉਸ ਦੇ ਜਿਸਮ 'ਤੇ
ਉਸ ਦੀ ਜਾਤ
ਉਸ ਦੇ ਦੇਸ਼ ਦਾ ਨਾਮ
ਉਸ ਦੇ ਪਿੰਡੇ 'ਤੇ
ਕਿਧਰੇ ਨਹੀਂ ਲਿਖਿਆ ਹੁੰਦਾ
ਇਹ ਤਾਂ ਅਸੀਂ ਹੀ ਉਹਨਾਂ 'ਤੇ
ਧਰਮ, ਜਾਤ, ਦੇਸ਼ ਦੀਆਂ
ਮੋਹਰਾਂ ਲਾ ਦਿੰਦੇ ਹਾਂ
ਜਦ ਕਿਸੇ ਵੀ ਇਨਸਾਨ ਦਾ ਖ਼ੂਨ
ਉਸ ਦੇ ਮਿਲਦੇ ਖ਼ੂਨ ਵਾਲੇ
ਕਿਸੇ ਵੀ ਇਨਸਾਨ ਨੂੰ ਦਿਤਾ ਜਾ ਸਕਦਾ ਹੈ
ਤਾਂ ਫਿਰ ਇਨਸਾਨਾਂ ਵਿਚ ਵੰਡ ਕਾਹਦੀ?
11.12.2007



## • ਸ਼ਹੀਦ ਭਗਤ ਸਿੰਘ

ਸ਼ਹੀਦ ਭਗਤ ਸਿੰਘ!
ਅੱਜ ਰਾਤ ਤੂੰ ਫਿਰ ਮੈਨੂੰ ਮਿਲਣ
ਸੁਪਨੇ 'ਚ ਆਇਆ ਹੈਂ
ਦੇਸ਼ ਦੇ ਲੱਖਾਂ ਲੋਕ
ਤੈਨੂੰ ਸ਼ਹੀਦੇ-ਆਜ਼ਮ
ਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ
ਮਹਾਂ ਨਾਇਕ ਮੰਨਦੇ ਹਨ
ਅਤੇ ਰਾਜਗੁਰੂ, ਸੁਖਦੇਵ ਤੇਰੇ ਸਾਥੀਆਂ ਨੂੰ
ਮਹਾਨ ਸ਼ਹੀਦ ਕਹਿੰਦੇ ਹਨ
ਮੈਂ ਵੀ ਤੇਰੀ ਸਮਾਜਵਾਦੀ ਵਿਚਾਰਧਾਰਾ ਦਾ ਆਸ਼ਕ ਹਾਂ
ਪਰ ਸੱਚ ਦੱਸਾਂ
ਬੁਰਾ ਨਾ ਮੰਨੀਂ
ਤੂੰ ਆਪਣੇ ਸਾਥੀਆਂ ਸਮੇਤ
ਆਪਣੇ ਆਪ ਨੂੰ ਖ਼ੁਦ ਹੀ
ਜਰਵਾਣਿਆਂ ਦੇ ਹਵਾਲੇ ਕਰਕੇ
ਚੰਗਾ ਨਹੀਂ ਸੀ ਕੀਤਾ
ਤੂੰ ਤਾਂ ਸੋਚਿਆ ਸੀ ਕਿ ਇਸ ਨਾਲ
ਲੋਕਾਂ ਵਿਚ ਜੋ ਰੋਹ ਜਾਗੇਗਾ
ਉਹ ਅੰਗ੍ਰੇਜ਼ਾਂ ਤੋਂ ਠੱਲਿਆ ਨਹੀਂ ਜਾਣਾ
ਤੇ ਦੇਸ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ
ਛੇਤੀ ਟੁਟ ਜਾਣਗੀਆਂ
ਤੇ ਆ ਜਾਵੇਗਾ ਭਾਰਤ ਵਿਚ
ਸਮਾਜਵਾਦੀ ਇਨਕਲਾਬ
ਪਰ ਤੂੰ ਜੋ ਸੋਚਿਆ ਸੀ
ਉਹ ਉਸ ਤਰ੍ਹਾਂ ਨਹੀਂ ਹੋਇਆ
ਜਦੋਂ ਤੈਨੂੰ ਅਤੇ ਤੇਰੇ ਸਾਥੀਆਂ ਨੂੰ
ਅੰਗ੍ਰੇਜ਼ਾਂ ਨੇ ਸ਼ਹੀਦ ਕੀਤਾ ਸੀ

ਕਹਿੰਦੇ ਨੇ ਉਸ ਦਿਨ ਲਾਹੌਰ ਵਿਚ
ਕਿਸੇ ਘਰ ਚੁੱਲ੍ਹੇ ਅੱਗ ਨਹੀਂ ਸੀ ਬਲੀ
ਸਾਰੇ ਦੇਸ਼ ਵਿਚ ਮਾਤਮੀ ਲਹਿਰ ਫੈਲ ਗਈ ਸੀ

ਪਰ ਤੂੰ ਇਹ ਗੱਲ ਭੁਲ ਗਿਆ ਕਿ
ਤੇਰੇ ਅਤੇ ਤੇਰੇ ਸਾਥੀਆਂ ਤੋਂ ਬਾਅਦ
ਦੇਸ਼ ਦੀ ਹਕੂਮਤ ਕਿਨ੍ਹਾਂ ਲੋਕਾਂ ਦੇ ਹੱਥ ਆਵੇਗੀ

ਦੇਸ਼ ਦੀ ਵਾਂਗਡੋਰ ਆ ਗਈ
ਪੂੰਜੀਵਾਦੀਆਂ ਸਰਮਾਏਦਾਰਾਂ ਦੇ ਨੁਮਾਇੰਦਿਆਂ ਹੱਥ
ਆਜ਼ਾਦੀ ਸਮੇਂ ਲੱਖਾਂ ਹੀ ਨਿਰਦੋਸ਼
ਧਾਰਮਿਕ ਫਿਰਕੂ ਕੱਟੜਤਾ ਦਾ ਹੋ ਗਏ ਸ਼ਿਕਾਰ
ਹਜ਼ਾਰਾਂ ਔਰਤਾਂ ਦੀ ਪੱਤ ਲੁੱਟੀ ਗਈ
ਪੰਜਾਬ ਤੇ ਬੰਗਾਲ ਦੇ ਦਰਿਆਵਾਂ 'ਚ
ਕਿੰਨਾ ਹੀ ਚਿਰ ਪਾਣੀ ਦੀ ਥਾਂ
ਇਨਸਾਨਾਂ ਦੀ ਰੱਤ ਵਗਦੀ ਰਹੀ
ਅੱਜ ਆਜ਼ਾਦੀ ਦੇ ਸੱਠ ਸਾਲ ਬਾਅਦ
ਕਰੋੜਾਂ ਭਾਰਤੀਆਂ ਨੂੰ ਰਜਵੀਂ ਰੋਟੀ ਨਸੀਬ ਨਹੀਂ ਹੁੰਦੀ
ਉਹਨਾਂ ਕੋਲ ਕੁੱਲੀ, ਜੁਲੀ, ਰੁਜ਼ਗਾਰ ਨਹੀਂ
ਧਾਰਮਿਕ ਕੱਟੜਤਾ ਦਾ ਜ਼ਹਿਰ ਫੈਲਦਾ ਜਾ ਰਿਹਾ ਹੈ

ਕੀ ਤੂੰ ਅਤੇ ਤੇਰੇ ਸਾਥੀਆਂ ਨੇ
ਏਹੋ ਜਿਹੀ ਆਜ਼ਾਦੀ ਲਈ ਸ਼ਹਾਦਤ ਦਿਤੀ ਸੀ?
ਜੇ ਤੂੰ ਜਾਣ ਬੁੱਝ ਕੇ ਸ਼ਹਾਦਤ ਨਾ ਦੇਂਦਾ
ਤਾਂ ਅੱਜ ਭਾਰਤ,
ਤੇਰੇ ਸੁਪਨਿਆਂ ਦਾ ਭਾਰਤ ਹੁੰਦਾ
ਅਤੇ ਅਪਰਾਧੀ, ਬੇਈਮਾਨ, ਕਾਤਿਲ, ਲੁਟੇਰੇ
ਰਾਜਸੱਤਾ 'ਚ ਕਦੀ ਘੁਸਪੈਠ ਨਾ ਕਰ ਸਕਦੇ।
15.12.2007



## • ਅਤਿਵਾਦੀ

ਸਾਮਰਾਜੀ ਜੰਗਬਾਜ਼
ਸਾਰੀ ਧਰਤੀ ਦੇ
ਕੁਦਰਤੀ ਭੰਡਾਰਾਂ 'ਤੇ
ਕਬਜ਼ਾ ਕਰਨ ਦੇ ਇੱਛਕ ਲੋਭੀ
ਅਤੇ ਧਾਰਮਿਕ ਜਨੂੰਨੀ ਕੱਟੜਪੰਥੀ
ਅਤਿਵਾਦ ਦੇ ਜਨਮਦਾਤੇ ਹਨ
ਜਿਨ੍ਹਾਂ ਸ਼ੈਤਾਨਾਂ ਚਾਲਬਾਜ਼ਾਂ ਦੇ ਹੱਥਾਂ ਵਿਚ
ਭੋਲੇ ਭਾਲੇ ਨੌਜਵਾਨ
ਅਤਿਵਾਦੀ ਖਿਡਾਉਣੇ ਬਣ ਕੇ
ਕਰ ਰਹੇ ਨੇ ਮਾਨਵਤਾ ਦਾ ਘਾਣ
ਅਤੇ ਆਪ ਵੀ ਚੰਦ ਸਿੱਕਿਆਂ ਬਦਲੇ
ਬਣ ਰਹੇ ਨੇ ਮਾਸ ਦੇ ਲੋਥੜੇ
ਪਰ ਕਈ ਵਾਰ ਜਦੋਂ
ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ
ਜਾਬਰ ਕਰਦੇ ਨੇ ਉਹਨਾਂ 'ਤੇ ਜ਼ੁਲਮ
ਤਾਂ ਉਹ ਵੀ ਅਤਿਵਾਦ ਦੇ ਰਾਹ ਪੈ ਜਾਂਦੇ ਹਨ।
11.12.2007

## • ਸ਼ਿਲਾਲੇਖ

ਹਜ਼ਾਰਾਂ ਸਾਲਾਂ ਤੋਂ ਸ਼ਿਲਾਲੇਖ
ਆਪਣੀ ਥਾਂ ਚੁੱਪ ਚਾਪ ਖੜ੍ਹਾ ਹੈ
ਹੁਣ ਓਥੇ ਸੈਲਾਨੀ ਕੇਂਦਰ ਬਣ ਗਿਆ ਹੈ
ਅਣਗਿਣਤ ਸੈਲਾਨੀ ਹਰ ਸਾਲ
ਉਸਨੂੰ ਵੇਖਣ ਲਈ ਆਉਂਦੇ ਹਨ
ਉਸ ਨਾਲ ਖਲੋ
ਆਪਣੀ ਫੋਟੋ ਖਿਚਵਾਉਂਦੇ ਹਨ
ਪਰ ਸ਼ਿਲਾਲੇਖ ਦੀ
ਆਤਮਾ ਨੂੰ ਜਾਣਨ ਦੀ ਕੋਈ ਖ਼ੇਚਲ ਨਹੀਂ ਕਰਦਾ
ਉਹ ਤਾਂ ਓਥੇ ਮੌਜ-ਮੇਲਾ ਕਰਨ ਆਉਂਦੇ ਨੇ
ਉਹ ਜਿਹੋ ਜਿਹੇ ਆਉਂਦੇ ਨੇ
ਉਹੋ ਜਿਹੇ ਹੀ ਪਰਤ ਜਾਂਦੇ ਨੇ
ਜੇ ਉਹ ਸ਼ਿਲਾਲੇਖ 'ਤੇ ਲਿਖੀ
ਬੁੱਧ ਦੀ ਸਿੱਖਿਆ ਨੂੰ ਜਾਣ ਜਾਂਦੇ
ਤਾਂ ਵਾਪਸ ਜਾਣ ਲੱਗੇ
ਸੱਚ, ਨੇਕੀ, ਦਇਆ ਦੇ
ਸਰਵਰ ਵਿਚ ਨਹਾ ਕੇ
ਚੌਮੁਖੀਏ ਦੀਪ ਬਣ ਜਾਂਦੇ।



## • ਯੁੱਗ ਨਾਦ

ਜਦ ਧਰਤੀ 'ਤੇ
ਅਗਿਆਨਤਾ ਦਾ
ਅੰਧਕਾਰ ਛਾ ਜਾਂਦਾ ਹੈ
ਤਾਂ ਧਰਤੀ ਦੀ ਕੁੱਖ 'ਚੋਂ
ਕੋਈ ਅਵਤਾਰ, ਪੈਗ਼ੰਬਰ
ਚਿੰਤਕ ਜਨਮ ਲੈਂਦਾ ਹੈ
ਜੋ ਯੁੱਗ ਨਾਦ ਵਜਾਉਂਦਾ ਹੈ
ਵਹਿਮਾਂ ਭਰਮਾਂ
ਊਚ ਨੀਚ ਝੂਠ ਦਾ ਹਨੇਰਾ
ਛੱਟ ਜਾਂਦਾ ਹੈ
ਸੱਚ ਦਾ ਚਾਨਣ
ਚਾਰੇ ਪਾਸੇ ਫੈਲ ਜਾਂਦਾ ਹੈ

ਕ੍ਰਿਸ਼ਨ, ਬੁੱਧ, ਈਸਾ,
ਮੁਹੰਮਦ, ਕਬੀਰ, ਨਾਨਕ ਨੇ
ਆਪਣੇ ਆਪਣੇ ਸਮੇਂ
ਯੁਗ ਨਾਦ ਹੀ ਤਾਂ ਵਜਾਇਆ ਸੀ
ਲੋਕਾਂ ਦਾ ਮਨ ਮਸਤਕ ਰੁਸ਼ਨਾਇਆ ਸੀ

ਫਿਰ ਵਜਾਇਆ ਸੀ ਯੁੱਗ ਨਾਦ
ਗੁਰੂ ਗੋਬਿੰਦ ਸਿੰਘ ਨੇ
ਜਿਸ ਜ਼ਾਲਿਮ ਮੁਗ਼ਲ ਸਾਮਰਾਜ ਨੂੰ
ਜੜ੍ਹਾਂ ਤੋਂ ਹਿਲਾਇਆ ਸੀ
ਵਰਣਾਂ, ਜਾਤਾਂ ਦੇ ਭੇਦ-ਭਾਵ ਤਾਈਂ
ਮੁਕਾਇਆ ਸੀ

ਬੰਦੇ ਬਹਾਦਰ ਨੇ ਯੁੱਗ ਨਾਦ ਵਜਾ

ਹਲ਼-ਵਾਹਕਾਂ ਨੂੰ
ਖੇਤਾਂ ਦੇ ਮਾਲਕ ਬਣਾਇਆ ਸੀ

ਇਕ ਯੁਗ ਨਾਦ
ਕਾਰਲ ਮਾਰਕਸ ਨੇ ਵਜਾਇਆ ਸੀ
ਜਿਸ ਪਿੱਛੋਂ ਅੱਧੀ ਧਰਤੀ 'ਤੇ
ਸੂਹਾ ਪਰਚਮ ਲਹਿਰਾਇਆ ਸੀ
ਮਜ਼ਦੂਰਾਂ ਨੂੰ ਰਾਜਸੱਤਾ ਦਾ
ਰਾਹ ਵਿਖਾਇਆ ਸੀ



## • ਤਿੰਨ ਕਵਿਤਾਵਾਂ

1

ਥੋੜ੍ਹਾ ਬਹੁਤ ਛਿੱਲਿਆ ਤਾਂ ਗਿਆ ਹਾਂ
ਪਰ ਮੈਂ ਦੂਜੀ ਵਾਰ ਫਿਰ
ਕੈਂਸਰ ਦੇ ਜਬਾੜ੍ਹਿਆਂ 'ਚੋਂ
ਸਾਲਮ ਸਬੂਤਾ
ਬਚ ਕੇ ਨਿਕਲ ਆਇਆ ਹਾਂ
ਕੈਂਸਰ ਕੋਈ ਹਊਆ ਨਹੀਂ
ਤੇ ਨਾ ਕੋਈ ਹੋਰ ਬਿਮਾਰੀ
ਲਾਇਲਾਜ ਹੁੰਦੀ ਹੈ
ਜਦ ਤਨ ਮਨ ਆਤਮਾ ਮਿਲ ਕੇ
ਦ੍ਰਿੜ੍ਹ ਇਰਾਦਾ ਧਾਰ
ਕਿਸੇ ਵੀ ਦੁਸ਼ਮਣ ਨਾਲ ਲੜਦੇ ਨੇ
ਤਾਂ ਬੰਦਾ ਕਦੇ ਨਹੀਂ ਹਾਰਦਾ
ਹਾਰਦਾ ਤਾਂ ਉਦੋਂ ਹੈ ਜਦ ਆਪ ਹੀ
ਨਿਰਾਸ਼ ਹੋ ਡਿਗ ਪੈਂਦਾ ਹੈ

2

ਮਰਨਾ ਤਾਂ ਇਕ ਪਾਸੇ ਰਿਹਾ
ਮੇਰੇ ਕੋਲ ਤਾਂ ਇਸ ਬਾਰੇ
ਸੋਚਣ ਦੀ ਵੀ ਫ਼ੁਰਸਤ ਨਹੀਂ
ਮੈਂ ਤਾਂ ਅਜੇ ਬੜੇ ਕੰਮ ਕਰਨੇ ਹਨ
ਝੁੱਗੀਆਂ 'ਚ ਜਾ ਕੇ
ਕਿਰਤੀਆਂ ਨੂੰ ਆਪਣੇ ਹੱਕਾਂ ਲਈ
ਲਾਮਬੰਦ ਕਰ

ਸੂਹਾ ਪਰਚਮ ਲਹਿਰਾਉਣਾ ਹੈ
ਸਰਘੀ ਦੇ ਗੀਤ ਗਾਉਣੇ ਹਨ
ਬੱਚਿਆਂ, ਬੁੱਢਿਆਂ, ਜਵਾਨਾਂ
ਸਭਨਾਂ ਦੇ ਨੈਣਾਂ 'ਚ
ਨਵੇਂ ਸੁਪਨੇ ਜਗਾਉਣੇ ਹਨ
ਲੋਕ ਦੁਸ਼ਮਣਾਂ ਖਿਲਾਫ਼
ਆਪਣੀ ਕਵਿਤਾ ਦਾ
ਬ੍ਰਹਮ ਅਸਤਰ ਚਲਾਉਣਾ ਹੈ
ਇਨਕਲਾਬੀਆਂ ਲਈ ਹਨੇਰੇ 'ਚ
ਬਲਦੀ ਮਸ਼ਾਲ ਵਰਗਾ
ਕ੍ਰਾਂਤੀ ਦਾ ਗੀਤ ਗਾਉਣਾ ਹੈ
ਉਹਨਾਂ ਲਈ ਸੂਝ ਦਾ
ਅਨੋਖਾ ਕਵਚ ਬਣਾਉਣਾ ਹੈ
ਤੇ ਫਿਰ ਆਪਣੇ ਹੀ ਸ਼ਬਦਾਂ ਰਾਹੀਂ
ਮੁਹੱਬਤ ਦੋਸਤੀ ਦੇ
ਅਨੂਪਮ ਫੁੱਲ ਖਿੜਾਉਣੇ ਹਨ
ਮੈਂ ਤਾਂ ਅਜੇ
ਬਹੁਤ ਦੂਰ, ਬਹੁਤ ਦੂਰ
ਆਪਣੀ ਮੰਜ਼ਿਲ 'ਤੇ ਜਾਣਾ ਹੈ
ਮੇਰੇ ਕੋਲ ਮੁਕਤੀ ਬਾਰੇ ਸੋਚਣ
ਜਾਂ ਸਦੀਵੀ ਨੀਂਦ ਸੌਂ ਜਾਣ ਦੀ
ਵਿਹਲ ਕਿੱਥੇ ਹੈ?

3

ਮੈਂ ਨਹੀਂ ਹੋਵਾਂਗਾ ਕਦੀ ਵੀ
ਨਿਰਾਸ਼ ਬੁੱਢਾ, ਖੋਸੜ ਨਿਢਾਲ
ਮੈਂ ਤਾਂ ਅਜੇ ਵੀ
ਆਪਣੀ ਪ੍ਰੇਮਿਕਾ, ਪਤਨੀ ਦੇ
ਚਾਂਦੀ ਰੰਗੇ ਵਾਲਾਂ 'ਚੋਂ



ਵੇਖ ਸਕਦਾ ਹਾਂ
ਉਸ ਦੀਆਂ ਸੁਨਹਿਰੀ ਜ਼ੁਲਫ਼ਾਂ
ਉਸ ਦੇ ਝੁਰੜੀਆਂ ਭਰੇ ਚਿਹਰੇ 'ਚੋਂ
ਵੇਖ ਸਕਦਾ ਹਾਂ
ਉਸ ਦਾ ਖਿੜਿਆ
ਸੂਹੇ ਗ਼ੁਲਾਬ ਵਰਗਾ ਚਿਹਰਾ
ਤੇ ਚਿਤਵ ਸਕਦਾ ਹਾਂ
ਉਸਦੀ ਗੁਟਰਗੂੰ, ਗੁਟਰਗੂੰ ਕਰਦੀ
ਚਿੱਟੀ ਕਬੂਤਰੀ ਵਰਗੀ ਦਿੱਖ
ਉਸ ਦੇ ਹੱਥਾਂ ਦੀ ਛੁਹ
ਅਜੇ ਵੀ ਮੈਨੂੰ ਲੈ ਜਾਂਦੀ ਹੈ
ਉਸ ਅਨੂਠੇ ਅਨੰਦਮਈ ਅਨੁਭਵ 'ਚ
ਜਦ ਉਸ ਦੀ ਪਹਿਲੀ
ਨਿੱਘੀ, ਰੇਸ਼ਮੀ ਚੁੰਬਕੀ ਛੁਹ ਨੇ
ਛੇੜ ਦਿੱਤੀ ਸੀ ਅਜਬ ਝਰਨਾਹਟ
ਮੇਰੇ ਸਾਰੇ ਹੀ ਜਿਸਮ ਅੰਦਰ
ਉਹ ਲੱਖ ਕਹੀ ਜਾਵੇ
ਮੈਂ ਤਾਂ ਅਜੇ ਵੀ ਉਸ ਨੂੰ
ਆਪਣੇ ਕਲਾਵੇ 'ਚ ਲੈ
ਪਿਆਰ ਕਰ ਲੈਂਦਾ ਹਾਂ
ਤੇ ਆਪਣੇ ਤਨ ਮਨ ਦਾ ਸੱਚ
ਸ਼ਬਦਾਂ 'ਚ ਢਾਲ ਦੇਂਦਾ ਹਾਂ
ਏਸੇ ਲਈ ਤਾਂ ਮੈਂ ਕਹਿੰਦਾ ਹਾਂ
ਮੈਂ ਕਦੀ ਵੀ ਬੁੱਢਾ ਖੋਸੜ
ਬੇਹਿੱਸ ਨਿਢਾਲ ਨਹੀਂ ਹੋਵਾਂਗਾ।

## • ਗੁਰੂ ਨਾਨਕ ਤੇ ਅਸੀਂ

ਸਤਿਗੁਰ ਨਾਨਕ!
ਮੇਰੇ ਵਰਗੇ ਅਨੇਕਾਂ ਅਗਿਆਨੀ
ਭੁੱਲਦੇ ਜਾ ਰਹੇ ਨੇ ਤੇਰੀ ਸੱਚੀ ਬਾਣੀ
ਤੇ ਛੱਡ ਬੈਠੇ ਨੇ ਸ਼ੁਭ ਅਮਲਾਂ ਨੂੰ
ਅਸੀਂ ਤਾਂ ਬਾਹਰੀ ਭੇਖ ਨੂੰ ਹੀ
ਅਸਲੀ ਧਰਮ ਸਮਝ ਬੈਠੇ ਹਾਂ
ਆਪਣੇ ਲੋਭ, ਸਵਾਰਥ ਕਾਰਨ
ਅਸੀਂ ਤੇਰੇ ਦੱਸੇ ਮਾਰਗ ਨੂੰ ਤਿਆਗ ਦਿੱਤਾ ਹੈ

ਤੁਸੀਂ ਤਾਂ ਹੱਕ ਹਲਾਲ ਦੀ ਕਮਾਈ
ਸੱਚੇ ਆਚਾਰ 'ਤੇ ਜ਼ੋਰ ਦਿੱਤਾ ਸੀ
ਪਰ ਅਸੀਂ ਤਾਂ ਦੰਭ, ਬੇਈਮਾਨੀ, ਧੋਖੇ ਨਾਲ
ਮਾਇਆ ਇਕੱਠੀ ਕਰਨੀ ਹੀ
ਜ਼ਿੰਦਗੀ ਦਾ ਮਨੋਰਥ ਮੰਨ ਲਿਆ ਹੈ
ਤੁਸੀਂ ਇਸ ਬਾਰੇ ਪਹਿਲਾਂ ਹੀ ਜਾਣਦੇ ਸੀ
ਏਸੇ ਲਈ ਤਾਂ ਤੁਸਾਂ ਕਿਹਾ ਸੀ:
"ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ"

ਤੁਸੀਂ ਤਾਂ ਦਸਾਂ ਨਹੁੰਆਂ ਦੀ ਕਿਰਤ ਕਰਨ
ਤੇ ਉਸ 'ਚੋਂ ਵੰਡ ਛਕਣ 'ਤੇ ਜ਼ੋਰ ਦਿੱਤਾ ਸੀ
ਪਰ ਅਸੀਂ ਤਾਂ ਦੂਜਿਆਂ ਦਾ ਹੱਕ ਮਾਰ
ਰਿਸ਼ਵਤ, ਬਲੈਕ ਦੀ ਕਮਾਈ 'ਚੋਂ
ਕੁਝ ਦਾਨ ਦੇ, ਆਪਣੀ ਵਡਿਆਈ ਚਾਹੁੰਦੇ ਹਾਂ
ਅਖ਼ਬਾਰਾਂ ਵਿਚ ਆਪਣੀਆਂ ਤਸਵੀਰਾਂ ਤੇ ਖ਼ਬਰਾਂ ਛਪਵਾਉਂਦੇ ਹਾਂ

ਤੁਸੀਂ ਤਾਂ ਮੱਕੇ ਜਾ ਕੇ ਮੁੱਲਾਂ ਨੂੰ ਸਮਝਾਇਆ ਸੀ
ਕਿ ਰੱਬ ਹਰ ਥਾਂ, ਹਰ ਪਾਸੇ ਹੈ



ਪਰ ਅਸੀਂ ਤਾਂ ਹੁਣ ਕੁਝ ਥਾਵਾਂ ਨੂੰ ਹੀ
ਰੱਬ ਦਾ ਘਰ ਸਮਝਣ ਲੱਗ ਪਏ ਹਾਂ

ਤੁਸੀਂ ਜਗਨਨਾਥ ਦੇ ਮੰਦਰ 'ਚ ਗਾਇਆ ਸੀ
ਕਿ ਗਗਨ ਦੇ ਥਾਲ ਵਿਚ ਚੰਨ, ਸੂਰਜ, ਤਾਰੇ
ਸਭ ਪਰਮੇਸ਼ਰ ਦੀ ਆਰਤੀ ਉਤਾਰ ਰਹੇ ਨੇ
ਚੰਦਨ ਦੇ ਰੁੱਖ ਬਿਖੇਰ ਰਹੇ ਨੇ ਖ਼ੁਸ਼ਬੂ
ਤੇ ਪਵਨ ਚੌਰ ਕਰ ਰਹੀ ਹੈ
ਸਾਰਾ ਬ੍ਰਹਿਮੰਡ ਅਨਹਦ ਸ਼ਬਦ ਗਾ ਰਿਹਾ ਹੈ
ਪਰ ਅਸੀਂ ਤਾਂ ਇਹ ਸਭ ਕੁਝ ਭੁਲਾ ਦਿੱਤਾ ਹੈ
ਤੇ ਹੋਰ ਹੀ ਚੱਕਰਾਂ ਵਿਚ ਪੈ ਗਏ ਹਾਂ
ਅਸੀਂ ਤਾਂ ਤੁਹਾਡੇ ਸਮਝਾਏ
ਜਨੇਊ ਦੇ ਅਰਥਾਂ ਤੋਂ ਵੀ
ਕੁਝ ਨਹੀਂ ਸਿੱਖਿਆ

ਤੁਸੀਂ ਤਾਂ ਜ਼ਾਲਮ ਤੇ ਜ਼ੁਲਮ ਵਿਰੁੱਧ
ਨਿਰਭਉ ਹੋ ਆਪਣੀ ਆਵਾਜ਼ ਬੁਲੰਦ ਕੀਤੀ ਸੀ
ਪਰ ਅਸੀਂ ਤਾਂ ਬੇਈਮਾਨ, ਲੁਟੇਰੇ, ਭ੍ਰਿਸ਼ਟ ਹਾਕਮਾਂ ਦੀ
ਚਾਪਲੂਸੀ ਕਰਦੇ ਨਹੀਂ ਥੱਕਦੇ
ਕੀ ਕਰੀਏ ਨਿੱਕੇ-ਮੋਟੇ
ਆਪਣੇ ਗ਼ਲਤ ਕੰਮ ਵੀ ਤਾਂ ਕਰਵਾਉਣੇ ਹੁੰਦੇ ਨੇ!

ਤੁਸੀਂ ਨੇਕੀ, ਦਇਆ, ਸੱਚ ਦਾ ਮਾਰਗ ਦਿਖਾਇਆ ਸੀ
ਕਰਤਾਰਪੁਰ ਖੇਤੀ ਕਰ ਉਸ 'ਚੋਂ ਲੰਗਰ ਚਲਾਇਆ ਸੀ
ਜ਼ਾਤ-ਪਾਤ ਤੇ ਮਜ਼ਹਬਾਂ ਦਾ ਅੰਤਰ ਮਿਟਾਇਆ ਸੀ
ਤੁਸੀਂ ਤਾਂ ਆਪਣੇ ਪ੍ਰੀਤਮ ਨਾਲ ਇੱਕਮਿਕ
ਰੂਹਾਨੀਅਤ ਦੇ ਅਸੀਮ, ਅਸਗਾਹ ਸਾਗਰ ਸੀ
ਤੁਸੀਂ ਤਾਂ ਸੱਚ ਦਾ ਸੂਰਜ ਬਣ
ਵਹਿਮਾਂ-ਭਰਮਾਂ, ਪਾਖੰਡਾਂ, ਕੱਟੜਤਾ ਦਾ
ਅੰਧਕਾਰ ਮੇਟਣ ਇਸ ਧਰਤੀ 'ਤੇ ਆਏ ਸੀ

ਪਰ ਅਸੀਂ ਤਾਂ ਹੁਣ ਤੇਰੇ ਨਾਂ 'ਤੇ
ਫੈਕਟਰੀਆਂ, ਕਾਰਖ਼ਾਨੇ, ਵਪਾਰਕ ਆਦਾਰੇ ਖੋਲ੍ਹ
ਠੱਗੀ-ਠੋਰੀ ਨਾਲ ਦੂਜਿਆਂ ਦੇ ਹੱਕ ਮਾਰ
ਧੰਨ-ਦੌਲਤ ਦੇ ਅੰਬਾਰ
ਲਾਉਣ ਵਿਚ ਲੱਗੇ ਹੋਏ ਹਾਂ

ਅਸੀਂ ਤਾਂ ਆਪਣੀ ਹਉਮੈ
ਤੇ ਹਵਸ ਨੂੰ ਪੂਰੀ ਕਰਨ ਲਈ
ਹਰ ਹੀਲੇ ਸੱਤਾ ਵੀ ਹਥਿਆ ਸਕਦੇ ਹਾਂ
ਅਤੇ ਤੇਰੇ ਦਰ 'ਤੇ ਮੱਥਾ ਰਗੜ ਕੇ
ਆਪਣੇ ਪਾਪਾਂ ਤੋਂ ਸੁਰਖ਼ਰੂ ਹੋਣ ਲਈ ਦਾਨ ਕਰ
ਆਪਣੇ ਨਾਂ ਦਾ ਪੱਥਰ ਹੀ ਲੁਆ ਸਕਦੇ ਹਾਂ

ਸਾਨੂੰ ਮੁਆਫ਼ ਕਰ ਦਈਂ ਸਤਿਗੁਰ!
ਅਸੀਂ ਤੇਰੇ ਸੱਚ ਦੇ ਬਿੱਖੜੇ ਮਾਰਗ 'ਤੇ ਨਹੀਂ ਚੱਲ ਸਕਦੇ
ਅਸੀਂ ਤਾਂ ਆਪਣੀਆਂ ਕਾਲੀਆਂ ਕਰਤੂਤਾਂ ਛੁਪਾਉਣ ਲਈ
ਚਿੱਟੇ ਚੋਲੇ ਹੀ ਪਾ ਸਕਦੇ ਹਾਂ...
17.01.2008



# ਗ਼ਜ਼ਲਾਂ

**• ਗ਼ਜ਼ਲ**

ਜੋ ਗਿਰ ਗਿਆ ਹੈ ਰਾਹ ਵਿਚ ਉਸ ਨੂੰ ਉਠਾ ਕੇ ਜਾਈਂ।
ਜੋ ਤੜਫਦਾ ਹੈ ਪਿਆਸਾ ਪਾਣੀ ਪਿਲਾ ਕੇ ਜਾਈਂ।

ਵੀਰਾਨ ਉਜੜਿਆ ਜੋ ਇਹ ਬਾਗ਼ ਦਿਸ ਰਿਹਾ ਹੈ,
ਇਸ ਬਾਗ਼ ਵਿਚ ਹਜ਼ਾਰਾਂ ਤੂੰ ਫੁੱਲ ਖਿੜਾ ਕੇ ਜਾਈਂ।

ਫਿਰ ਤੋਂ ਖ਼ੁਸ਼ੀ ਰੰਗੀਨੀ ਮਹਿਫ਼ਲ 'ਚ ਪਰਤ ਆਏ,
ਏਹੋ ਜਿਹਾ ਮਧੁਰ ਤੂੰ ਨਗ਼ਮਾ ਸੁਣਾ ਕੇ ਜਾਈਂ।

ਸਭਨਾਂ ਦੇ ਹਿਰਦਿਆਂ ਵਿਚ ਚਾਨਣ ਜਿਹਾ ਹੋ ਜਾਏ,
ਕੁਝ ਇਸ ਤਰ੍ਹਾਂ ਤੂੰ ਏਥੋਂ ਮੁਸਕਰਾ ਕੇ ਜਾਈਂ।

ਤੇਰੀ ਨੁਹਾਰ ਦਿੱਸੇ ਹਰ ਸ਼ੈਅ 'ਚ ਸਾਰਿਆਂ ਨੂੰ
ਕੁਝ ਇਸ ਤਰ੍ਹਾਂ ਤੂੰ ਆਪਣੇ ਘਰ ਨੂੰ ਸਜਾ ਕੇ ਜਾਈਂ।

ਹੋਵੇ ਨ ਫਿਰ ਹਨੇਰਾ ਰਸਤੇ 'ਚ ਪਾਂਧੀਆਂ ਦੇ,
ਹਰ ਮੋੜ ਚੱਪੇ ਚੱਪੇ ਦੀਵੇ ਜਗਾ ਕੇ ਜਾਈਂ।

ਕਰਦੇ ਦਵਾਈ ਸਾਰੇ ਆਪਣੇ ਹੀ ਦਰਦ ਦੀ ਨੇ,
ਤੂੰ ਦਰਦ ਦੂਜਿਆਂ ਦਾ ਐਪਰ ਮਿਟਾ ਕੇ ਜਾਈਂ।

ਤੂੰ ਜਿਸ ਜਗ੍ਹਾ ਰਿਹਾ ਹੈਂ, ਅਹਿਸਾਨ ਜੇ ਹੈ ਲਾਹੁਣਾ,
ਗੇਂਦੇ ਗ਼ੁਲਾਬ ਕਲੀਆਂ ਉਸ ਥਾਂ ਲਗਾ ਕੇ ਜਾਈਂ।

ਕਿੰਨੀ ਉਦਾਸ ਦੁਨੀਆਂ ਲੋਕੀਂ ਨਿਰਾਸ ਕਿੰਨੇ,
ਦੌਲਤ ਖ਼ੁਸ਼ੀ ਦੀ ਮੋਹ ਦੀ ਸਭ ਨੂੰ ਲੁਟਾ ਕੇ ਜਾਈਂ।

ਕਿਧਰੇ ਜਲਾ ਨਾ ਦੇਵੇ ਸਦੀਆਂ ਦੀ ਸਾਂਝ ਤਾਈਂ,
ਇਹ ਸੁਲਘਦੀ ਹੈ ਅੱਗ ਜੇ ਇਸ ਨੂੰ ਬੁਝਾ ਕੇ ਜਾਈਂ।



## • ਗ਼ਜ਼ਲ

ਝਰਨਿਆਂ ਨਦੀਆਂ ਅਤੇ ਜੰਗਲਾਂ 'ਚ ਗਾਉਂਦੀ ਜ਼ਿੰਦਗੀ।
ਨ੍ਹੇਰਿਆਂ ਵਿਚ ਆਸ ਦੇ ਦੀਵੇ ਜਗਾਉਂਦੀ ਜ਼ਿੰਦਗੀ।

ਫੁੱਲ ਬਣ ਖਿੜਦੀ ਹੈ ਇਹ ਸ਼ਮਸ਼ਾਨ ਕਬਰਸਤਾਨ ਵਿਚ,
ਪੰਛੀਆਂ ਦੇ ਰੂਪ ਵਿਚ ਹੈ ਚਹਿਚਹਾਉਂਦੀ ਜ਼ਿੰਦਗੀ।

ਸਾਗਰਾਂ ਦੀ ਤਹਿ 'ਚ ਪਹੁੰਚੀ ਟੀਸੀਆਂ ਚੁੰਮੀਆਂ ਨੇ ਇਸ,
ਪੈੜ ਕੀਤੀ ਚੰਨ 'ਤੇ, ਅੱਗੇ ਵਧਾਉਂਦੀ ਜ਼ਿੰਦਗੀ।

ਜੰਗ, ਹੜ੍ਹ, ਤੂਫ਼ਾਨ ਮਾਰੂ ਆਫ਼ਤਾਂ ਝੱਲੀਆਂ ਨੇ ਇਸ,
ਫੇਰ ਵੀ ਬੱਚਿਆਂ ਦੇ ਬੁੱਲ੍ਹੀਂ ਮੁਸਕਰਾਉਂਦੀ ਜ਼ਿੰਦਗੀ।

ਦੋਸਤੀ, ਕਵਿਤਾ, ਕਲਾ ਤੇ ਪਿਆਰ ਦੇ ਬੂਟੇ ਸਦਾ,
ਹੈ ਮਨਾਂ ਦੇ ਵਿਹੜਿਆਂ ਵਿਚ ਰੋਜ਼ ਲਾਉਂਦੀ ਜ਼ਿੰਦਗੀ।

ਝਾਂਜਰਾਂ ਪੈਰਾਂ 'ਚ ਪਾ ਕੰਡਿਆਂ 'ਤੇ ਨੱਚੇ ਹੱਸਦੀ,
ਪਿਆਰ ਦੀ ਮਹਿੰਦੀ ਜੋ ਤਲੀਆਂ 'ਤੇ ਹੈ ਲਾਉਂਦੀ ਜ਼ਿੰਦਗੀ।

ਹਾੜ੍ਹ ਦੀ ਲੂ, ਪੋਹ ਦੀ ਠੰਡ, ਧੁੰਦ, ਕੱਕਰ ਤੇ ਗੜ੍ਹੇ,
ਕਰ ਸਕੇ ਨਾ ਖ਼ਤਮ ਖੇਤੀਂ ਲਹਿਲਹਾਉਂਦੀ ਜ਼ਿੰਦਗੀ।

ਦੁੱਖ ਵੰਡਾਏ ਗ਼ੈਰ ਦਾ ਵੀ ਤੇ ਦਵੇ ਸਭ ਨੂੰ ਖ਼ੁਸ਼ੀ,
ਹੈ ਉਹੀ ਜੋ ਦੂਜਿਆਂ ਦੇ ਕੰਮ ਆਉਂਦੀ ਜ਼ਿੰਦਗੀ।

ਸ਼ਾਂਤ ਸੁੰਦਰ ਮੋਹ ਖ਼ੁਸ਼ੀ ਦੀ ਮੂਰਤੀ ਜਾਂਦੀ ਹੈ ਬਣ,
ਮਾਂ ਬਣੀ ਬੱਚੇ ਨੂੰ ਦੁੱਧ ਅੰਮ੍ਰਿਤ ਪਿਲਾਉਂਦੀ ਜ਼ਿੰਦਗੀ।

## • ਗ਼ਜ਼ਲ

ਲਫ਼ਜ਼ਾਂ 'ਚ ਅਪਣੇ ਮਨ ਦਾ, ਕਹਿਣਾ ਹੈ ਦਰਦ ਮੁਸ਼ਕਿਲ।
ਮਿੱਤਰਾਂ ਪਿਆਰਿਆਂ ਦਾ, ਸਹਿਣਾ ਹੈ ਦਰਦ ਮੁਸ਼ਕਿਲ।

ਦੋ ਨੈਣ ਛੋਟੇ ਛੋਟੇ, ਤੇ ਦਰਦ ਦਾ ਹੈ ਦਰਿਆ,
ਹੰਝੂਆਂ 'ਚ ਢਲ ਕੇ ਸਾਰਾ, ਵਹਿਣਾ ਹੈ ਦਰਦ ਮੁਸ਼ਕਿਲ।

ਛੱਡਦਾ ਨਹੀਂ ਇਹ ਖਹਿੜਾ, ਕੁਝ ਚੰਬੜਿਆ ਹੈ ਏਦਾਂ,
ਗਲ਼ ਵਿਚ ਬਣਾ ਕੇ ਪਾਉਣਾ, ਗਹਿਣਾ ਹੈ ਦਰਦ ਮੁਸ਼ਕਿਲ।

ਦੋ ਚਾਰ ਪਲ ਜੇ ਹੋਵੇ, ਬੰਦਾ ਸਹਾਰ ਲੈਂਦੈ,
ਹਰ ਵਕਤ ਦਿਲ 'ਚ ਚੁੱਭਦਾ, ਰਹਿਣਾ ਹੈ ਦਰਦ ਮੁਸ਼ਕਿਲ।

ਤੇਰੇ ਹਿਜਰ ਦਾ ਚੜ੍ਹਿਆ, ਜੋ ਰੰਗ ਦਰਦ ਬਣ ਕੇ,
ਤੇਰੇ ਵਸਾਲ ਬਿਨ ਉਹ, ਲਹਿਣਾ ਹੈ ਦਰਦ ਮੁਸ਼ਕਿਲ।



## • ਗ਼ਜ਼ਲ

ਹੱਸ ਹੱਸ ਜੋ ਕਰ ਰਹੇ ਨੇ ਇਨਕਾਰ ਹੌਲੀ ਹੌਲੀ।
ਲਗਦੈ ਉਹ ਕਰ ਰਹੇ ਨੇ ਇਕਰਾਰ ਹੌਲੀ ਹੌਲੀ।

ਛੱਡੋ ਪਰਾਂ ਕੀ ਲੈਣੈਂ ਆਪਾਂ ਨੇ ਪਿਆਰ ਕਰ ਕੇ,
ਕਹਿੰਦੇ ਕਰੀ ਉਹ ਜਾਂਦੇ ਨੇ ਪਿਆਰ ਹੌਲੀ ਹੌਲੀ।

ਮੁਸ਼ਕਿਲ ਹੈ ਸੰਭਲਣਾ ਫਿਰ ਨੈਣਾਂ ਦੇ ਤੀਰ ਸਹਿ ਕੇ,
ਕਰਦੇ ਨੇ ਮੁਸਕਰਾ ਕੇ ਜਦ ਵਾਰ ਹੌਲੀ ਹੌਲੀ।

ਖ਼ੁਸ਼ੀਆਂ ਤੇ ਖ਼ੁਸ਼ਬੂ ਚਾਨਣ ਪਹਿਲਾਂ ਹੀ ਪਹੁੰਚ ਜਾਵਣ,
ਆਉਂਦੇ ਨੇ ਬਣ ਸੰਵਰ ਜਦ ਦਿਲਦਾਰ ਹੌਲੀ ਹੌਲੀ।

ਸਾਵਣ ਦੀ ਬਣ ਘਟਾ ਜਦ ਪਾਉਂਦੇ ਨੇ ਮੀਂਹ ਵਸਲ ਦਾ,
ਬੰਜਰ ਵੀ ਬਣ ਹੈ ਜਾਂਦੀ ਗੁਲਜ਼ਾਰ ਹੌਲੀ ਹੌਲੀ।

ਜਾਂਦਾ ਹੈ ਪਹੁੰਚ ਆਪੇ ਮਹਿਬੂਬ ਤਕ ਸੁਨੇਹਾ,
ਦਿਲ ਦੀ ਜਦੋਂ ਵੀ ਹਿਲਦੀ ਹੈ ਤਾਰ ਹੌਲੀ ਹੌਲੀ।

ਨੈਣਾਂ 'ਚ ਨੈਣ ਪਾ ਕੇ ਵੇਖੀ ਨਬਜ਼ ਜਾਂ ਉਹਨਾਂ,
ਫੁੱਲ ਵਾਂਗ ਖਿੜ ਗਿਆ ਮੈਂ ਬੀਮਾਰ ਹੌਲੀ ਹੌਲੀ।

ਮੇਰੇ ਜੋ ਵਾਅਦਿਆਂ ਨੂੰ ਐਵੇਂ ਹੀ ਸਮਝਦੇ ਸਨ,
ਹੁਣ ਕਰਨ ਲਗ ਪਏ ਨੇ ਇਤਬਾਰ ਹੌਲੀ ਹੌਲੀ।

ਮੇਰੀ ਉਡੀਕ ਦੀ ਜਦ ਮੈਨੂੰ ਅਖ਼ੀਰ ਜਾਪੇ,
ਆ ਜਾਣ ਬਣ ਕੇ ਸਰਘੀ ਹਰ ਵਾਰ ਹੌਲੀ ਹੌਲੀ।

ਹੈ ਮਾਰਨਾ ਤੂੰ ਜੇ ਕਰ ਮੇਰੀ ਹੈ ਜਾਨ ਹਾਜ਼ਿਰ,
ਹਰ ਰੋਜ਼ ਹਰ ਘੜੀ ਪਰ ਨਾ ਮਾਰ ਹੌਲੀ ਹੌਲੀ।

ਉਹਨਾਂ ਨੂੰ ਪਾਉਣ ਖ਼ਾਤਿਰ ਆਪਣਾ ਬਣਾਉਣ ਖ਼ਾਤਿਰ,
ਕੀਤਾ ਹੈ ਦਰਿਆ ਅੱਗ ਦਾ ਮੈਂ ਪਾਰ ਹੌਲੀ ਹੌਲੀ।



## • ਗ਼ਜ਼ਲ

ਇਕ ਮੀਤ ਦਿਲ ਦਾ ਸੋਹਣਾ ਕਰਦਾ ਪਿਆਰ ਹੋਵੇ।
ਫਿਰ ਜ਼ਿੰਦਗੀ 'ਚ ਮੌਸਮ ਹਰ ਦਮ ਬਹਾਰ ਹੋਵੇ।

ਛੂਹਾਂ ਜਦੋਂ ਮੈਂ ਉਸ ਨੂੰ, ਇਉਂ ਜਾਪਦਾ ਹੈ ਮੈਨੂੰ,
ਫੁੱਲਾਂ ਭਰੀ ਉਹ ਡਾਲੀ, ਚਾਨਣ ਦੀ ਤਾਰ ਹੋਵੇ।

ਸੱਤ ਸਾਗਰਾਂ ਨੂੰ ਕਰਨਾ, ਤਾਂ ਪਾਰ ਹੈ ਸੁਖਾਲਾ,
ਐਪਰ ਝਨਾਂ ਇਸ਼ਕ ਦਾ, ਸੌਖੇ ਨਾ ਪਾਰ ਹੋਵੇ।

ਕੀ ਓਸ ਨੇ ਹੈ ਕਰਨਾ, ਸ਼ੁਹਰਤ ਨੂੰ, ਰੁਤਬਿਆਂ ਨੂੰ,
ਪੁੰਨਿਆਂ ਦੇ ਚੰਨ ਵਰਗਾ, ਜਿਸ ਪਾਸ ਯਾਰ ਹੋਵੇ।

ਸਭ ਕੁਝ ਸੰਵਾਰ ਲਾਂ ਮੈਂ, ਜ਼ਿੰਦਗੀ 'ਚ ਫੇਰ ਆਪੇ,
ਜ਼ੁਲਫ਼ਾਂ ਜੇ ਤੇਰੀਆਂ ਨੂੰ, ਮੈਥੋਂ ਸੰਵਾਰ ਹੋਵੇ।

ਆਵੇ ਨਾ ਚੈਨ ਮਨ ਨੂੰ, ਦਿਲ ਨੂੰ ਕਰਾਰ ਮੇਰੇ,
ਤੇਰੇ ਬਗ਼ੈਰ ਕਿੱਦਾਂ, ਜ਼ਿੰਦਗੀ ਗੁਜ਼ਾਰ ਹੋਵੇ।

ਸਾਰੇ ਜਹਾਂ ਦੀ ਦੌਲਤ, ਸਮਝਾਂ ਮੈਂ ਮਿਲ ਗਈ ਹੈ,
ਮੈਨੂੰ ਜਦੋਂ ਵੀ ਕਿਧਰੇ, ਤੇਰਾ ਦੀਦਾਰ ਹੋਵੇ।

• ਗ਼ਜ਼ਲ

ਪੰਛੀ ਭਾਵੇਂ ਉੱਡਦੇ, ਉੱਚੇ ਵਿਚ ਅਸਮਾਨ।
ਫਿਰ ਵੀ ਚੋਗੇ ਵਾਸਤੇ, ਧਰਤੀ 'ਤੇ ਉਹ ਆਣ।

ਧਰਤੀ ਕੁੱਖੋਂ ਜਨਮਦੇ, ਵਣ ਤ੍ਰਿਣ ਜੀਵ ਤੇ ਜੰਤ,
ਇਹ ਸਭਨਾਂ ਨੂੰ ਪਾਲਦੀ, ਸਭ ਦੀ ਮਾਤ ਮਹਾਨ।

ਧਰਤੀ ਨਾਲੋਂ ਟੁੱਟ ਕੇ, ਉੱਚਾ ਸਮਝੇ ਜੋ,
ਮਿੱਟੀ ਵਿਚ ਮਿਲ ਜਾਂਵਦੀ, ਸਾਰੀ ਉਸ ਦੀ ਸ਼ਾਨ।

ਦੁਨੀਆਂ ਜਿੱਤਦੇ ਜਿੱਤਦੇ, ਜ਼ਾਲਿਮ ਹੈਂਕੜਬਾਜ਼,
ਮਿੱਟੀ ਦੇ ਵਿਚ ਮਿਲ ਗਏ, ਮਿੱਟੀ ਹੋ ਬੇਜਾਨ।

ਜੀਵਨ ਦਾ ਆਧਾਰ ਜੋ, ਤੇ ਵਿਗਸਨ ਦਾ ਮੂਲ,
ਧਰਤੀ, ਸੂਰਜ, ਪੌਣ, ਜਲ, ਚਾਰੇ ਹੀ ਵਰਦਾਨ।

ਤਿੰਨ ਸੋਮੇ ਜੋ ਜੀਵ ਦੇ, ਸਭ ਤੋਂ ਨੇ ਅਨਮੋਲ,
ਪ੍ਰਦੂਸ਼ਤ ਹੈ ਕਰ ਰਿਹਾ, ਉਹ ਅੱਜ ਦਾ ਇਨਸਾਨ।

ਧਰਤੀ ਨੂੰ ਲੂਹ ਸੁੱਟਿਆ, ਬੰਬਾਂ ਅਤੇ ਬਾਰੂਦ,
ਪੌਣ ਦੇ ਵਿਚ ਜ਼ਹਿਰ ਹੈ, ਦਰਿਆ ਲਹੂ ਲੁਹਾਨ।



• ਗ਼ਜ਼ਲ

ਦਿਲ ਢੂੰਡਦਾ ਹੈ ਜਿਸ ਨੂੰ, ਉਸ ਦਾ ਪਤਾ ਮਿਲੇ।
ਦਿੱਤਾ ਹੈ ਦਰਦ ਜਿਸ ਨੇ, ਉਸ ਤੋਂ ਦਵਾ ਮਿਲੇ।

ਚਾਨਣ ਖ਼ੁਸ਼ੀ ਜੋ ਖ਼ੁਸ਼ਬੂ, ਨਗ਼ਮਾ ਹੈ ਮੇਰੀ ਰੂਹ ਦਾ,
ਜੇ ਕਰ ਮਿਲੇ ਉਹ ਮੈਨੂੰ, ਮੇਰਾ ਖ਼ੁਦਾ ਮਿਲੇ।

ਪੁੰਨਿਆਂ ਦਾ ਚੰਨ ਬਣ ਕੇ ਰਾਤੀਂ ਮਿਲੇ ਉਹ ਮੈਨੂੰ,
ਬਣ ਕੇ ਮੇਰਾ ਉਹ ਸੂਰਜ, ਮੈਨੂੰ ਸੁਬ੍ਹਾ ਮਿਲੇ।

ਜਲਵਾ ਹੁਸਨ ਦਾ ਵੇਖਾਂ ਮਿਟ ਜਾਣ ਹਸਰਤਾਂ ਸਭ,
ਇਕ ਵਾਰ ਜੇ ਉਹ ਮੈਨੂੰ ਪਰਦਾ ਹਟਾ ਮਿਲੇ।

ਕਲੀਆਂ, ਗ਼ੁਲਾਬ, ਚੰਦਨ, ਚੰਬੇ ਦੀ ਖ਼ੁਸ਼ਬੂ ਆਏ,
ਉਸ ਦਾ ਬਦਨ ਜੇ ਛੁਹ ਕੇ ਆਈ ਹਵਾ ਮਿਲੇ।

ਮੈਂ ਤੜਫਦਾ ਹਾਂ ਜਿਸ ਲੀ, ਹੋਵਾਂ ਮੈਂ ਦਿਲ 'ਚ ਉਸਦੇ,
ਮੇਰੀ ਵਫ਼ਾ ਦੇ ਬਦਲੇ ਮੈਨੂੰ ਵਫ਼ਾ ਮਿਲੇ।

## • ਗ਼ਜ਼ਲ

ਜਾਨ ਤੋਂ ਵੀ ਪਿਆਰਿਆਂ ਦਿੱਤਾ ਭੁਲਾ ਹੈ।
ਏਸ ਤੋਂ ਵਧ ਹੋਰ ਕੀ ਮਿਲਣੀ ਸਜ਼ਾ ਹੈ।

ਜਾਣਦਾ ਤਕ ਉਹ ਨਹੀਂ ਜਿਸ ਵਾਸਤੇ ਮੈਂ,
ਹਰ ਹਨੇਰੇ ਰਾਹ 'ਚ ਖ਼ੁਦ ਨੂੰ ਬਾਲਿਆ ਹੈ।

ਹਾਲ ਵੀ ਪੁੱਛਿਆ ਨਹੀਂ ਇਕ ਵਾਰ ਉਸਨੇ,
ਵਾਂਗ ਮੱਛੀ ਦਿਲ ਜਿਦ੍ਹੇ ਲਈ ਤੜਫਦਾ ਹੈ।

ਬੇਵਫ਼ਾਈ, ਬੇਰੁਖੀ, ਬੇਗ਼ਾਨਗੀ ਬਸ,
ਪਿਆਰ ਮੇਰੇ ਦਾ ਇਹੀ ਮਿਲਿਆ ਸਿਲਾ ਹੈ।

ਮਿਲ ਗਿਆ ਜੋ ਓਸ 'ਤੇ ਨਾ ਸਬਰ ਆਵੇ,
ਜੋ ਨਹੀਂ ਮਿਲਿਆ ਉਹੀ ਮਨ ਭਾਲਦਾ ਹੈ।

ਬਚ ਗਿਆ ਜੋ ਆਫ਼ਤਾਂ ਦੁਸ਼ਵਾਰੀਆਂ ਤੋਂ,
ਆਦਮੀ ਉਹ ਆਦਮੀ ਨੇ ਖਾ ਲਿਆ ਹੈ।

ਏਸ ਤੋਂ ਵਧ ਕੀ ਤਰੱਕੀ ਕਰਾਂਗੇ ਹੁਣ,
ਆਦਮੀ ਰੋਟੀ ਤੋਂ ਸਸਤਾ ਹੋ ਗਿਆ ਹੈ।

ਕੌਣ ਆਖੇ ਮੌਤ ਪਿਛੋਂ ਜ਼ਿੰਦਗੀ ਨਈਂ,
ਫੁੱਲ ਨਵਾਂ ਇਕ ਕਬਰ 'ਤੇ ਵੀ ਖਿੜ ਪਿਆ ਹੈ।



## • ਗ਼ਜ਼ਲ

ਐਵੇਂ ਨਾ ਵਾਂਗ ਗ਼ੈਰਾਂ ਮੈਨੂੰ ਬੁਲਾ ਕੇ ਵੇਖ।
ਜੇ ਵੇਖਣਾ ਹੈ ਮੈਨੂੰ, ਆਪਣਾ ਬਣਾ ਕੇ ਵੇਖ।

ਮੇਰੇ ਪਿਆਰ ਦਾ ਹੈ, ਜੇ ਰੰਗ ਵੇਖਣਾ ਤੂੰ,
ਨੈਣਾਂ ਨਸ਼ੀਲਿਆਂ 'ਚੋਂ ਮਦਰਾ ਪਿਲਾ ਕੇ ਵੇਖ।

ਤੂੰ ਆਖਦਾ ਹੈਂ ਮੈਨੂੰ, ਦੇਵਾਂ ਭੁਲਾ ਮੈਂ ਤੈਨੂੰ,
ਪਹਿਲਾਂ ਤੂੰ ਆਪਣੇ ਦਿਲ 'ਚੋਂ ਮੈਨੂੰ ਭੁਲਾ ਕੇ ਵੇਖ।

ਮੇਰੀ ਤਾਂ ਹਰ ਗ਼ਜ਼ਲ ਵਿਚ ਬੱਸ ਧੜਕਦਾ ਹੈਂ ਤੂੰ ਹੀ,
ਕੋਈ ਵੀ ਸ਼ੇਅਰ ਮੇਰਾ ਤੂੰ ਨੀਝ ਲਾ ਕੇ ਵੇਖ।

ਨਫ਼ਰਤ ਦਾ, ਦੁਸ਼ਮਣੀ ਦਾ ਮਿਟਦਾ ਹੈ ਨੇਰ੍ਹ ਕਿੱਦਾਂ,
ਆਪਣੇ ਤੂੰ ਮਨ 'ਚ ਮੋਹ ਦਾ ਦੀਵਾ ਜਗਾ ਕੇ ਵੇਖ।

ਹੈ ਪਾਸ ਹੀ ਜੋ ਤੇਰੇ ਦਿਸਦਾ ਨਹੀਂ ਜੋ ਤੈਨੂੰ,
ਜੇ ਵੇਖਣਾ ਹੈ ਉਸ ਨੂੰ, ਪਰਦਾ ਹਟਾ ਕੇ ਵੇਖ।

ਕਹਿੰਦੇ ਨੇ ਪਿਆਰ ਕਿਸ ਨੂੰ, ਕੀ ਦਰਦ ਹੈ ਬਿਰਹੋਂ ਦਾ?
ਤੂੰ ਵੀ ਕਿਸੇ ਦੇ ਮੋਹ ਵਿਚ, ਦਿਲ ਨੂੰ ਜਲਾ ਕੇ ਵੇਖ।

• ਗ਼ਜ਼ਲ

ਬੈਠੇ ਜੇ ਮੇਰੇ ਸਾਹਵੇਂ ਦਿਲ ਵਿਚ ਉਤਾਰ ਲਾਂ ਮੈਂ।
ਤੇਰੇ ਹੁਸਨ ਦਾ ਜਲਵਾ ਰੱਜ ਕੇ ਨਿਹਾਰ ਲਾਂ ਮੈਂ।

ਬਾਕੀ ਉਮਰ ਮੈਂ ਵਾਰਾਂ ਉਹਨਾਂ ਪਲਾਂ ਦੇ ਸਿਰ ਤੋਂ,
ਬਾਹਾਂ 'ਚ ਤੇਰੀਆਂ ਜੋ ਦੋ ਪਲ ਗੁਜ਼ਾਰ ਲਾਂ ਮੈਂ।

ਜ਼ਿੰਦਗੀ ਮੇਰੀ ਜੋ ਉਲਝੀ ਸਾਰੀ ਹੀ ਸੰਵਰ ਜਾਊ,
ਜੇ ਤੇਰੀਆਂ ਇਹ ਸੰਦਲੀ ਜ਼ੁਲਫ਼ਾਂ ਸੰਵਾਰ ਲਾਂ ਮੈਂ।

ਮਹਿਬੂਬ ਚੰਨ ਦਾ ਚਿਹਰਾ ਜੇ ਵੇਖਣਾ ਹੈ ਅੰਦਰੋਂ,
ਫਿਰ ਕਿਉਂ ਨਾ ਆਪਣੇ ਮਨ ਦਾ ਪਾਣੀ ਨਿਤਾਰ ਲਾਂ ਮੈਂ।

ਜਾਵੇਂ ਨਾ ਦੂਰ ਆ ਕੇ ਆਪਣਾ ਬਣਾ ਲਵੇਂ ਤੂੰ,
ਤੈਨੂੰ ਰੀਝਾਣ ਖ਼ਾਤਿਰ ਖ਼ੁਦ ਨੂੰ ਸੰਵਾਰ ਲਾਂ ਮੈਂ।



• ਗ਼ਜ਼ਲ

ਉਜਾਲਾ ਹੀ ਉਜਾਲਾ ਹੈ, ਉਹ ਏਥੇ ਆ ਗਿਆ ਹੋਣੈਂ।
ਸਰੋਵਰ ਮਹਿਕਿਆ ਸਾਰਾ ਉਹ ਇਸ ਵਿਚ ਨ੍ਹਾ ਗਿਆ ਹੋਣੈਂ।

ਜੁ ਖਿੜਿਆ ਬਾਗ਼ ਹੈ ਸਾਰਾ ਤੇ ਪਾਈ ਕਿੱਕਲੀ ਕਲੀਆਂ,
ਸਵੇਰੇ ਸਾਰ ਨੂਰੀ ਮੁੱਖ ਉਹ ਦਿਖਲਾ ਗਿਆ ਹੋਣੈਂ।

ਸ਼ਰਾਬੀ ਹੋ ਗਿਆ ਮੌਸਮ ਤੇ ਕੁਦਰਤ ਝੂਮਦੀ ਜਾਪੇ,
ਮਧੁਰ ਨੈਣਾਂ 'ਚੋਂ ਮੋਹ ਦੇ ਜਾਮ ਉਹ ਵਰਤਾ ਗਿਆ ਹੋਣੈਂ।

ਬਣਾ ਹਰ ਬਿਰਖ ਨੂੰ ਬੰਸੀ, ਹਵਾ ਨੇ ਰਾਗਣੀ ਛੇੜੀ,
ਉਹ ਮਿੱਠੇ ਗੀਤ ਅਪਣੇ ਏਥੇ ਆ ਕੇ ਗਾ ਗਿਆ ਹੋਣੈਂ।

ਕਲਾਵੇ ਲੈ ਕੇ ਬਦਲੋਟੀ, ਕਲੋਲਾਂ ਚੰਨ ਪਿਆ ਕਰਦੈ,
ਕਿਸੇ ਸੁੰਦਰਾਂ ਨੂੰ ਸੁੱਤੀ ਵੇਖ, ਉਹ ਨਸ਼ਿਆ ਗਿਆ ਹੋਣੈਂ।

ਕਦੀ ਨੱਚਦਾ, ਕਦੀ ਗਾਉਂਦਾ, ਕਦੀ ਕੁਲਵੰਤ ਹੱਸਦਾ ਏ,
ਵਸਲ ਦਾ ਮੀਂਹ ਇਹਦੇ ਤਨ ਮਨ 'ਤੇ ਉਹ ਫਿਰ ਪਾ ਗਿਆ ਹੋਣੈਂ।

• **ਗ਼ਜ਼ਲ**

ਮਿਲਦੇ ਬੜੇ ਨੇ ਸਾਨੂੰ ਲਾਰੇ ਲਗਾਣ ਵਾਲੇ।
ਮਿਲਦੇ ਨੇ ਪਰ ਕਦੀ ਹੀ ਵਾਅਦੇ ਪੁਗਾਣ ਵਾਲੇ।

ਆਉਂਦੇ ਬੜੇ ਨੇ ਦਿਲ 'ਤੇ ਨਸ਼ਤਰ ਚਲਾਣ ਵਾਲੇ,
ਆਉਂਦੇ ਨੇ ਪਰ ਕਦੀ ਹੀ ਪੀੜਾਂ ਸੁਲਾਣ ਵਾਲੇ।

ਲੈਂਦੇ ਨੇ ਲੁੱਟ ਦਿਲ ਨੂੰ, ਬੁੱਲ੍ਹਾਂ 'ਚ ਮੁਸਕਰਾ ਕੇ,
ਨਜ਼ਰਾਂ ਦੇ ਵਾਰ ਕਰ ਕੇ, ਨਜ਼ਰਾਂ ਚੁਰਾਣ ਵਾਲੇ।

ਪੁੱਛ ਹਾਲ ਉੱਤੋਂ ਉੱਤੋਂ ਝੂਠੀ ਦਵੇਂ ਤਸੱਲੀ,
ਤੂੰ ਵੇਖ ਜ਼ਖ਼ਮ ਦਿਲ ਦੇ ਓ ਮੁਸਕ੍ਰਾਣ ਵਾਲੇ।

ਰੋਸਾ ਹੈ ਕਿਸ 'ਤੇ ਕਰਨਾ ਰੁਸਣਾ ਹੈ ਨਾਲ ਕਿਸ ਦੇ,
ਛੱਡ ਕੇ ਹੀ ਤੁਰ ਗਏ ਨੇ ਸਾਨੂੰ ਮਨਾਣ ਵਾਲੇ।

ਮਾਣੇਂ ਸਦਾ ਤੂੰ ਖ਼ੁਸ਼ੀਆਂ ਫੁੱਲਾਂ ਦੇ ਵਾਂਗ ਟਹਿਕੇਂ,
ਆਪਣੇ ਬਿਰਹੋਂ ਦੀ ਭੱਠੀ ਸਾਨੂੰ ਜਲਾਣ ਵਾਲੇ।



• **ਗ਼ਜ਼ਲ**

ਆਉਂਦੇ ਨੇ ਰੋਜ਼ ਰਾਤੀਂ ਦੀਵੇ ਬੁਝਾਣ ਵਾਲੇ।
ਆਉਂਦੇ ਨੇ ਪਰ ਕਦੀ ਹੀ ਦੀਵੇ ਜਗਾਣ ਵਾਲੇ।

ਸਾਡੇ ਘਰਾਂ ਨੂੰ ਰਾਤੀਂ ਲਾਈ ਸੀ ਅੱਗ ਜਿਨ੍ਹਾਂ,
ਇਹ ਤਾਂ ਉਹੀ ਨੇ ਲਗਦੇ, ਅੱਗ ਨੂੰ ਬੁਝਾਣ ਵਾਲੇ।

ਤੂਫ਼ਾਨ ਲਹਿਰਾਂ ਝੱਖੜ ਬੇੜੀ ਨੂੰ ਸੀ ਡੁਬੋਂਦੇ,
ਹੁਣ ਡੋਬਦੇ ਨੇ ਬੇੜੀ ਚੱਪੂ ਚਲਾਣ ਵਾਲੇ।

ਜੋਗੀ ਅਤੇ ਸਵਾਮੀ, ਬਾਬੇ ਕਈ ਪਾਖੰਡੀ,
ਲੁੱਟਦੇ ਪਏ ਨੇ ਰੱਬ ਦੀ ਉਸਤਤ ਸੁਨਾਣ ਵਾਲੇ।

ਜੋ ਸਾਜ਼ਿਸ਼ਾਂ ਸੀ ਰਚਦੇ ਸਾਨੂੰ ਮਿਟਾਣ ਖ਼ਾਤਿਰ,
ਖ਼ੁਦ ਆਪ ਮਿਟ ਗਏ ਉਹ ਸਾਨੂੰ ਮਿਟਾਣ ਵਾਲੇ।

ਰਸਤਾ ਮੁਹਾਲ ਹੋਵੇ ਚਾਹੇ ਉਨ੍ਹਾਂ ਦਾ ਕਿੰਨਾ,
ਰੁਕਦੇ ਨਹੀਂ ਕਦੀ ਪਰ ਮੰਜ਼ਿਲ 'ਤੇ ਜਾਣ ਵਾਲੇ।

• ਗ਼ਜ਼ਲ

ਮੈਂ ਨਹੀਂ ਹੋਵਾਂਗਾ ਹੋਵੋਗੇ ਤੁਸੀਂ।
ਯਾਦ ਕਰ ਹੱਸੋਗੇ ਰੋਵੋਗੇ ਤੁਸੀਂ।

ਮੈਂ ਤੁਹਾਡੇ ਪਾਸ ਹੋਵਾਂਗਾ ਉਦੋਂ,
ਗੀਤ ਮੇਰਾ ਜਦ ਵੀ ਛੋਹਵੋਗੇ ਤੁਸੀਂ।

ਮੈਲ ਤਨ ਦੀ ਲਾਹ ਲਵੋਗੇ ਠੀਕ ਹੈ,
ਮੈਲ ਮਨ ਦੀ ਕਿੰਝ ਧੋਵੋਗੇ ਤੁਸੀਂ?

ਕਰ ਬੁਰਾਈ ਜੇ ਬਰੀ ਵੀ ਹੋ ਗਏ,
ਪਾਪ ਦਾ ਪਰ ਬੋਝ ਢੋਵੋਗੇ ਤੁਸੀਂ।

ਫਲ ਮਿਲੇਗਾ ਓਸ ਦਾ ਤਾਂ ਲਾਜ਼ਮੀ,
ਜਿਸ ਤਰ੍ਹਾਂ ਦੇ ਬੀਜ ਬੋਵੋਗੇ ਤੁਸੀਂ।

ਫਿਰ ਸੁਣੋਗੇ ਪਿਆਰ ਦੀ ਮੇਰੀ ਗ਼ਜ਼ਲ,
ਜਦ ਕਦੀ ਯਾਦਾਂ 'ਚ ਖੋਵੋਗੇ ਤੁਸੀਂ।

ਧੜਕਦਾ 'ਕੁਲਵੰਤ' ਉਸ ਵਿਚ ਪਾਓਗੇ,
ਜਦ ਕਦੀ ਵੀ ਦਿਲ ਨੂੰ ਟੋਹਵੋਗੇ ਤੁਸੀਂ।



• ਗ਼ਜ਼ਲ

ਕੁਝ ਦੋਸਤਾਂ ਨੇ ਪੱਥਰ ਡੁੱਬਦੇ ਨੂੰ ਵੇਖ ਮਾਰੇ।
ਕੁਝ ਦੋਸਤਾਂ ਹੀ ਲਾਇਆ ਡੁੱਬਦੇ ਨੂੰ ਫਿਰ ਕਿਨਾਰੇ।

ਜੇ ਗਿਰ ਗਏ ਤਾਂ ਉੱਠੇ ਸੰਭਲੇ ਤੇ ਚਲ ਪਏ ਫਿਰ,
ਇਹ ਹੌਂਸਲਾ ਹੈ ਸਾਡਾ ਹਰ ਕੇ ਵੀ ਜੋ ਨਾ ਹਾਰੇ।

ਜਿਸ ਦੇ ਬ਼ਗੈਰ ਮੁਸ਼ਕਿਲ ਇਕ ਪਲ ਗੁਜ਼ਾਰਨਾ ਸੀ,
ਉਸ ਦੇ ਬ਼ਗੈਰ ਕਿੱਦਾਂ ਕੋਈ ਜ਼ਿੰਦਗੀ ਗੁਜ਼ਾਰੇ।

ਆਉਂਦੇ ਜੁ ਲੈ ਕੇ ਖ਼ੁਸ਼ਬੂ, ਖ਼ੁਸ਼ੀਆਂ ਤੇ ਮੁਸਕਰਾਹਟ,
ਤੁਰ ਜਾਣ ਓਹੀ ਦੇ ਕੇ ਹੌਕੇ ਤੇ ਹੰਝੂ ਖ਼ਾਰੇ।

ਧੜਕਣ ਬਣੇ ਜੋ ਦਿਲ ਦੀ ਸਾਹਾਂ 'ਚ ਰਚ ਗਏ ਜੋ,
ਭੁਲਦੇ ਨਹੀਂ ਭੁਲਾਇਆਂ ਉਹ ਜਾਨ ਤੋਂ ਵੀ ਪਿਆਰੇ।

ਹਰ ਤਰਫ਼ ਫੈਲ ਜਾਏ ਰਿਸ਼ਮਾਂ ਦਾ ਨੂਰ ਖ਼ੁਸ਼ਬੂ,
ਪੂਨਮ ਜਦੋਂ ਵੀ ਹੱਸਦੀ ਵਾਲਾਂ 'ਚ ਫੁੱਲ ਸ਼ਿੰਗਾਰੇ।

ਭੱਠੀ ਦਾ ਸੇਕ ਝੱਲਿਐ ਫੁੱਲਾਂ ਦੀ ਮਹਿਕ ਮਾਣੀ,
ਕੁਲਵੰਤ ਜ਼ਿੰਦਗੀ ਦੇ ਵੇਖੇ ਨੇ ਰੰਗ ਸਾਰੇ।

• ਗ਼ਜ਼ਲ

ਜਦ ਕਿਸੇ ਆਪਣੇ ਮੇਰੇ ਸੀਨੇ 'ਚ ਖੰਜਰ ਖੋਭਿਆ।
ਦੁਸ਼ਮਣਾਂ ਦੇ ਵਾਰ ਦੀ ਮੈਂ ਪੀੜ ਸਾਰੀ ਭੁੱਲ ਗਿਆ।

ਖ਼ਤਮ ਮੈਨੂੰ ਕਰ ਸਕੇ ਨਾ ਮੁਸ਼ਕਿਲਾਂ ਤੇ ਹਾਦਸੇ,
ਜੁੜ ਗਿਆ ਹਰ ਵਾਰ ਹਾਂ ਸੌ ਵਾਰ ਚਾਹੇ ਤਿੜਕਿਆ।

ਮੌਤ ਕੋਲੋਂ ਜ਼ਿੰਦਗੀ ਨੇ ਹਾਰਨਾ ਹਰਗਿਜ਼ ਨਹੀਂ,
ਵੇਖ ਕੇ ਜਮਦੂਤ ਸਾਹਵੇਂ ਓਸ ਨੂੰ ਮੈਂ ਆਖਿਆ।

ਕੀ ਪਤਾ ਸਾਹਾਂ ਦੀ ਤੰਦ ਇਹ ਟੁੱਟ ਜਾਣੀ ਹੈ ਕਦੋਂ,
ਲਿਖ ਰਿਹਾ ਹਾਂ ਮੈਂ ਗ਼ਜ਼ਲ ਤੇ ਗੀਤ ਹਾਂ ਮੈਂ ਗਾ ਰਿਹਾ।

ਆਸ ਮੈਨੂੰ ਜ਼ਿੰਦਗੀ ਦੀ ਮਿਲ ਗਈ ਫਿਰ ਤੋਂ ਨਵੀਂ,
ਵੇਖ ਕੇ ਹੋਇਆ ਹਰਾ ਉਹ ਬਿਰਖ ਸੀ ਜੋ ਝੁਲਸਿਆ।

ਰੌਸ਼ਨੀ ਬਹੁਤੀ ਨਹੀਂ ਜੇ ਕੁਝ ਤਾਂ ਐਪਰ ਹੋ ਗਈ,
ਹਰ ਹਨੇਰੀ ਰਾਤ ਨੂੰ ਕੁਲਵੰਤ ਦੀਵਾ ਬਾਲਿਆ।



• ਗ਼ਜ਼ਲ

ਗ਼ਮ ਬਿਰਹਾ ਦਾ ਘੋਰ ਉਦਾਸੀ ਆਸਾਂ 'ਤੇ ਹੈ ਕੋਰਾ।
ਹੁਣ ਤਾਂ ਮੈਨੂੰ ਮਰਨਾ ਪੈਂਦੈ ਹਰ ਪਲ ਭੋਰਾ ਭੋਰਾ।

ਦਿਲ ਦੇ ਹਰ ਇਕ ਪੰਨੇ ਉੱਤੇ ਨਾਂ ਤੇਰਾ ਹੈ ਲਿਖਿਆ,
ਤੈਨੂੰ ਵੇਖਣ ਤੋਂ ਪਹਿਲਾਂ ਸੀ ਹਰ ਪੰਨਾ ਹੀ ਕੋਰਾ।

ਮੁਸ਼ਕਿਲ ਨਾਲ ਮਿਲੇ ਦੋ ਪਲ ਜੋ ਦੋ ਤੋਂ ਇਕ ਹੋ ਜਾਈਏ,
ਰੋਕ ਸਕੇ ਨਾ ਕੋਈ ਸਮੇਂ ਨੂੰ ਲਗ ਜਾਂਦਾ ਹੈ ਖੋਰਾ।

ਨੀਂਦਰ ਚੈਨ ਗਵਾ ਕੇ ਆਪਣੇ ਤੂੰ ਆਪੇ ਫਸ ਜਾਣੈ,
ਆਪਣੇ ਮਨ ਤੋਂ ਕਿਵੇਂ ਬਚੇਂਗਾ ਪਿਆਰ ਦਿਆ ਤੂੰ ਚੋਰਾ।

ਇੱਜ਼ਤ ਮਾਣ ਗਵਾ ਕੇ, ਆਪਣੀ ਜਾਨ ਦੀ ਬਾਜ਼ੀ ਲਾਈ,
ਫਿਰ ਵੀ ਤੈਨੂੰ ਪਾ ਨਾ ਸਕੇ ਏਸੇ ਗੱਲ ਦਾ ਝੋਰਾ।

ਉਹਨਾਂ ਦੇ ਰਾਹਾਂ 'ਚੋਂ ਕੰਡੇ ਚੁਣ ਚੁਣ ਫੁੱਲ ਵਿਛਾਏ,
ਐਪਰ ਫਿਰ ਵੀ ਦੇਂਦੇ ਨੇ ਉਹ ਨਿਸਦਿਨ ਨਵਾਂ ਨਿਹੋਰਾ।

ਨੈਣਾਂ ਦੇ ਨਾਲ ਨੈਣ ਮਿਲਾਏ ਮੁਸਕਾਏ ਹੱਥ ਘੁੱਟਿਆ,
ਮੈਂ ਭੌਰਾ ਹੋ ਗਿਆ ਦੀਵਾਨਾ ਪੀ ਕੇ ਪਿਆਰ ਕਟੋਰਾ।

## • ਗ਼ਜ਼ਲ

ਗ਼ਜ਼ਲਾਂ ਨੂੰ ਗ਼ਜ਼ਲ ਗਾਉਂਦੀ, ਗ਼ਜ਼ਲਾਂ ਦੀ ਸ਼ਾਮ ਹੋਵੇ।
ਮਧਹੋਸ਼ ਕਰ ਦਵੇ ਜੇ, ਨਜ਼ਰਾਂ ਦਾ ਜਾਮ ਹੋਵੇ।

ਹੈ ਜ਼ਿੰਦਗੀ ਫ਼ਲਸਫ਼ੇ ਸ਼ਾਇਰੀ ਨੂੰ ਸਮਝਣਾ ਜੇ,
ਗ਼ਾਲਿਬ ਦਾ, ਮੀਰ ਦਾ ਫਿਰ ਪੜ੍ਹਿਆ ਕਲਾਮ ਹੋਵੇ।

ਧਰਮਾਂ ਦੇ ਝਗੜੇ ਝੇੜੇ, ਮਿਟ ਜਾਣ ਫੇਰ ਆਪੇ,
ਮੰਦਿਰ ਜੇ ਹੋਵੇ ਅੱਲ੍ਹਾ, ਮਸਜਿਦ ’ਚ ਰਾਮ ਹੋਵੇ।

ਸਾਰੇ ਜਹਾਂ ਦੀ ਦੌਲਤ ਮਿਲਦੀ ਹੈ ਪਿਆਰਿਆਂ ਨੂੰ,
ਨਜ਼ਰਾਂ ਦੇ ਨਾਲ ਕੀਤਾ ਦਿਲ ਦਾ ਸਲਾਮ ਹੋਵੇ।

ਚੰਨ ਤਾਰਿਆਂ ਨੂੰ ਛੂਹ ਕੇ ਧਰਤੀ ’ਤੇ ਪਰਤ ਆਵਾਂ,
ਤੇਰੇ ਮਿਲਣ ਦਾ ਜੇਕਰ ਆਇਆ ਪੈਗ਼ਾਮ ਹੋਵੇ।

ਪੌਣਾਂ ’ਚ ਖ਼ੁਸ਼ਬੂ, ਲੈਅ ਸੁਰ ਸੰਗੀਤ ਜਾਣ ਘੁਲ ਸਭ,
ਗਾਏ ਕਿਤੇ ਜੇ ਮੀਰਾਂ ਸੁਣਦਾ ਜੇ ਸ਼ਾਮ ਹੋਵੇ।

ਤੇਰਾ ਬਿਮਾਰ ਤੈਨੂੰ ਪਲ ਪਲ ਉਡੀਕਦਾ ਹੈ,
ਵੇਖੇਂ ਨਬਜ਼ ਜੇ ਉਸ ਦੀ ਇਕ ਦਮ ਆਰਾਮ ਹੋਵੇ।

ਬਿਰਹੋਂ ਦਾ ਸੇਕ ਸਹਿ ਕੇ ਆਖੇਂ ਗ਼ਜ਼ਲ ਜੇ ਕੋਈ,
‘ਕੁਲਵੰਤ’ ਫੇਰ ਕਿਧਰੇ ਤੇਰਾ ਵੀ ਨਾਮ ਹੋਵੇ।



## • ਗ਼ਜ਼ਲ

ਜੋ ਵੀ ਇਸ਼ਕ ਲਗਾਈ ਅੱਗ।
ਜਾਂਦੀ ਨਹੀਂ ਬੁਝਾਈ ਅੱਗ।

ਬੰਦਾ ਛੱਡ ਕੇ ਘਰ ਦੀ ਅੱਗ,
ਭਾਲੇ ਰੋਜ਼ ਪਰਾਈ ਅੱਗ।

ਤਪਦਾ ਸੀਨਾ ਠਾਰ ਦਵੇ,
ਸੀਨੇ ਨਾਲ ਲਗਾਈ ਅੱਗ।

ਨਿੱਘ ਦਵੋ ਤੇ ਨਿੱਘ ਲਵੋ,
ਇੱਕੋ ਗੱਲ ਸਮਝਾਈ ਅੱਗ।

ਮੀਂਹ ਵਿਚ ਭਿੱਜੀ ਹੱਸੇ ਜੋ,
ਜਾਪੇ ਰੂਪ ਇਲਾਹੀ ਅੱਗ।

ਜੋਬਨ ਰੁੱਤੇ ਵੇਖੀ ਜੋ,
ਮੁੜ ਮੁੜ ਚੇਤੇ ਆਈ ਅੱਗ।

ਲੂਤੀ ਲਾਈ ਗ਼ੈਰਾਂ ਨੇ,
ਕੀਤੀ ਦੂਣ ਸਵਾਈ ਅੱਗ।

ਮਾਨਵਤਾ ਨੂੰ ਸਾੜ ਦਵੇ,
ਬੰਬਾਂ ਜੋ ਫੈਲਾਈ ਅੱਗ।

ਰਬ ਦੀ ਰਹਿਮਤ ਬਣ ਜਾਂਦੀ,
ਚੁੱਲ੍ਹੇ ਵਿਚ ਜਲਾਈ ਅੱਗ।

ਬੰਦਾ ਰੱਜ ਕੇ ਸੇਕ ਲਵੇ,
ਆਪਣੇ ਹਿੱਸੇ ਆਈ ਅੱਗ।

• **ਗ਼ਜ਼ਲ**

ਤਿਲ ਤਿਲ ਕਰਕੇ ਮਰਨਾ ਮੁਸ਼ਕਿਲ।
ਹਰ ਪਲ ਪੀੜਾਂ ਜਰਨਾ ਮੁਸ਼ਕਿਲ।

ਕਿਰਦੇ ਜਾਂਦੇ ਸਾਹਾਂ ਵੇਲੇ
ਵਾਅਦੇ ਪੂਰੇ ਕਰਨਾ ਮੁਸ਼ਕਿਲ।

ਕੰਡਿਆਂ ਉੱਤੇ ਤੁਰਦੇ ਤੁਰਦੇ
ਫੁੱਲਾਂ ਦੇ ਰੰਗ ਭਰਨਾ ਮੁਸ਼ਕਿਲ।

ਇਸ਼ਕ ਨਿਭਾਣਾ ਡਾਢਾ ਔਖਾ
ਅੱਗ ਦਾ ਦਰਿਆ ਤਰਨਾ ਮੁਸ਼ਕਿਲ।

ਸੱਚੇ ਨੂੰ ਹੈ ਜਿੱਤਣਾ ਔਖਾ
ਝੂਠੇ ਤੋਂ ਵੀ ਹਰਨਾ ਮੁਸ਼ਕਿਲ।

ਆਪਣੇ ਹੱਥੀਂ ਅੰਗਿਆਰਾਂ 'ਤੇ
ਸੱਧਰਾਂ ਦੇ ਫੁੱਲ ਧਰਨਾ ਮੁਸ਼ਕਿਲ।

ਮੁੱਢ ਵਿਚ ਰੋਗ ਦਬਾਣਾ ਸੌਖਾ
ਰੋਗ ਦਬਾਣਾ ਵਰਨਾ ਮੁਸ਼ਕਿਲ।



# ਗੀਤ

• **ਗੀਤ**

ਤੇਰੇ ਤੋਂ ਜਿੰਦੜੀ ਵਾਰਾਂ ਵੇ
ਮੈਂ ਹੱਥ ਬੰਨ੍ਹ ਅਰਜ਼ ਗੁਜ਼ਾਰਾਂ ਵੇ
ਘਰ ਆ ਮੁੜ ਮੇਰੇ ਢੋਲਣਾ

ਨਾਂਹ ਦਿਨ ਤੇਰੇ ਬਿਨ ਲੰਘੇ ਵੇ
ਹਰ ਰਾਤ ਬਿਰਹੋਂ ਦੀ ਡੰਗੇ ਵੇ
ਪੱਤ ਆਸਾਂ ਦੇ ਕੁਮਲਾਏ ਨੇ
ਫੁੱਲ ਬੂਟੇ ਸਭ ਮੁਰਝਾਏ ਨੇ
ਤੂੰ ਆਏਂ ਤਾਂ ਆਉਣ ਬਹਾਰਾਂ ਵੇ...

ਸਭ ਊਂਝਾਂ, ਮਿਹਣੇ ਜਰਦੇ ਹਾਂ
ਨਿੱਤ ਘੁੱਟ ਜ਼ਹਿਰ ਦੇ ਭਰਦੇ ਹਾਂ
ਬਿਨ ਤੇਰੇ ਹੁਣ ਨਾ ਰਹਿ ਹੋਵੇ
ਹੁਣ ਹੋਰ ਦਰਦ ਨਾ ਸਹਿ ਹੋਵੇ
ਵਿੰਨ੍ਹ ਸੁੱਟਿਆ ਸਾਨੂੰ ਖਾਰਾਂ ਵੇ...

ਕੀ ਨਿਹੁੰ ਤੇਰੇ ਸੰਗ ਲਾ ਬੈਠੇ
ਅਸੀਂ ਦੁਨੀਆਂ ਦੀਨ ਗਵਾ ਬੈਠੇ
ਇਸ਼ਕੇ ਦਾ ਭਾਂਬੜ ਮੱਚਦਾ ਏ
ਬਿਨ ਤੇਰੇ ਕੁਝ ਨਾ ਜੱਚਦਾ ਏ
ਤੂੰ ਆਏਂ ਤਾਂ ਸੀਨਾ ਠਾਰਾਂ ਵੇ...

ਕੀ ਲੈਣਾ ਅਸਾਂ ਜ਼ਮਾਨੇ ਤੋਂ
ਸ਼ੋਹਰਤ ਧੰਨ ਮਾਲ ਖ਼ਜ਼ਾਨੇ ਤੋਂ
ਤੂੰ ਲੂੰ ਲੂੰ ਸਾਡੇ ਵਸਦਾ ਏਂ
ਕਿਉਂ ਦੂਰ ਅਸਾਥੋਂ ਨੱਸਦਾ ਏਂ
ਤੂੰ ਜੋ ਮੰਗੇ ਮੈਂ ਤਾਰਾਂ ਵੇ...

## • ਗੀਤ

ਜਾਦੂ ਕਰੀ ਜਾਂਦੇ ਹੋ, ਕਮਾਲ ਕਰੀ ਜਾਂਦੇ ਹੋ
ਲੁੱਟਦੇ ਹੋ ਦਿਲ ਤੇ ਨਿਹਾਲ ਕਰੀ ਜਾਂਦੇ ਹੋ!

ਨਜ਼ਰਾਂ ਦੇ ਨਾਲ ਹੀ ਜਵਾਬ ਦਈ ਜਾਂਦੇ ਹੋ
ਨਜ਼ਰਾਂ ਦੇ ਨਾਲ ਹੀ ਸਵਾਲ ਕਰੀ ਜਾਂਦੇ ਹੋ...

ਨਜ਼ਰਾਂ ਦੇ ਨਾਲ ਤੁਸੀਂ ਮੋਇਆਂ ਤਾਈਂ ਜਿੰਦਾ ਕਰ
ਨਜ਼ਰਾਂ ਦੇ ਨਾਲ ਹੀ ਹਲਾਲ ਕਰੀ ਜਾਂਦੇ ਹੋ...

ਹਾਸਿਆਂ ਤੇ ਖ਼ੁਸ਼ੀਆਂ ਦਾ ਮੀਂਹ ਪਾਈ ਜਾਂਦੇ ਹੋ
ਪਿਆਰ ਨਾਲ ਰੂਹ ਮਾਲੋਮਾਲ ਕਰੀ ਜਾਂਦੇ ਹੋ...

ਘੁੰਡ ਚੁੱਕ ਸਰਘੀ ਦੀ ਲੋਅ ਬਣ ਜਾਂਦੇ ਹੋ
ਬੱਦਲਾਂ ਦਾ ਰੰਗ ਸੂਹਾ ਲਾਲ ਕਰੀ ਜਾਂਦੇ ਹੋ...

ਦੂਰ ਸਾਥੋਂ ਜਾ ਕੇ ਵੀ, ਕੋਲ ਸਾਡੇ ਰਹਿੰਦੇ ਹੋ
ਸੁਪਨੇ 'ਚ ਸਾਡਾ ਹੀ ਖ਼ਿਆਲ ਕਰੀ ਜਾਂਦੇ ਹੋ...

ਆਪਣੇ ਹੀ ਰੰਗ ਵਿਚ ਰੰਗ ਕੇ ਬੇਰੰਗ ਤਾਈਂ
ਮੇਰੇ ਜਿਹੇ ਤਾਈਂ ਵੀ ਗੁਲਾਲ ਕਰੀ ਜਾਂਦੇ ਹੋ...



## • ਗੀਤ

ਮੋਹ-ਭਿੱਜੀਏ ਮਨਮੋਹਣੀ ਕੁੜੀਏ!
ਆ ਮੇਰੀ ਤੂੰ ਕਵਿਤਾ ਹੋ ਜਾ
ਗ਼ਜ਼ਲ ਮੇਰੀ ਦਾ ਮਤਲਾ ਬਣ ਜਾ
ਤੂੰ ਪੂਨਮ ਹੈਂ ਮਕਤਾ ਹੋ ਜਾ।

ਸੁਰ ਸਰਗਮ ਸੰਗੀਤ ਤੂੰ ਬਣ ਜਾ
ਰੂਹ ਮੇਰੀ ਦਾ ਗੀਤ ਤੂੰ ਬਣ ਜਾ
ਰੰਗਾਂ ਅਤੇ ਸੁਗੰਧੀਆਂ ਭਰਿਆ
ਫੁੱਲਾਂ ਦਾ ਗੁਲਦਸਤਾ ਹੋ ਜਾ...

ਚਿਰਾਂ ਤੋਂ ਨ੍ਹੇਰ 'ਚ ਭਟਕ ਰਿਹਾ ਹਾਂ
ਆ ਤੂੰ ਮੈਨੂੰ ਰਾਹ ਦਿਖਲਾ ਦੇ
ਪਿਆਸਾ ਹੀ ਨਾ ਮੈਂ ਮਰ ਜਾਵਾਂ
ਆ ਤੂੰ ਮੇਰੀ ਪਿਆਸ ਬੁਝਾ ਦੇ
ਹੋਰ ਨਹੀਂ ਕੁਝ ਚਾਹੁੰਦਾ ਹੁਣ ਮੈਂ
ਤੂੰ ਮੰਜ਼ਿਲ ਤੂੰ ਰਸਤਾ ਹੋ ਜਾ...

ਤੂੰ ਹੈਂ ਅਸਲੀ ਪਿਆਰ ਕਥੂਰੀ
ਸੁੰਦਰਤਾ ਦੀ ਗਾਗਰ ਨੂਰੀ
ਹੱਸ ਕੇ ਜੇ ਤੂੰ ਨਜ਼ਰ ਮਿਲਾਵੇਂ
ਪੂਰੀ ਹੋਵੇ ਬਾਤ ਅਧੂਰੀ
ਜਿੱਧਰ ਜਾਵਾਂ ਤੈਨੂੰ ਪਾਵਾਂ
ਤੂੰ ਐਸਾ ਚੌਰਸਤਾ ਹੋ ਜਾ...

## • ਬਿਰਹਨ ਦੇ ਬੋਲ

ਸਾਵਣ ਦਾ ਮਹੀਨਾ ਏ।
ਤੁਰ ਪਰਦੇਸ ਗਿਉਂ
ਸਾਡਾ ਵੀ ਕੀ ਜੀਣਾ ਏ।

ਘਨਘੋਰ ਘਟਾਵਾਂ ਨੇ।
ਡਾਢਾ ਤੰਗ ਕੀਤਾ
ਬੇਈਮਾਨ ਹਵਾਵਾਂ ਨੇ।

ਬੱਦਲ ਪਿਆ ਗੱਜਦਾ ਏ।
ਇਕ ਪਲ ਬਿਨ ਤੇਰੇ
ਸਾਡਾ ਜੀਅ ਨਾ ਲਗਦਾ ਏ।

ਹੈ ਬਿਜਲੀ ਕੜਕ ਰਹੀ।
ਛੇਤੀ ਆ ਮਾਹੀਆ
ਸਾਡੀ ਕੋਠੀ ਧੜਕ ਰਹੀ।

ਸਾਵਣ ਦੀਆਂ ਝੜੀਆਂ ਨੇ।
ਤੇਰੇ ਬਿਨ ਢੋਲਾ
ਹੰਝੂਆਂ ਦੀਆਂ ਲੜੀਆਂ ਨੇ।

ਸ਼ਿੰਗਾਰ ਕੀ ਕਰਨਾ ਏ।
ਤੇਰੇ ਬਿਨ ਮਾਹੀਆ
ਜੀਂਦੇ ਜੀਅ ਮਰਨਾ ਏ।

ਬਿਜਲੀ ਪਈ ਡਰਾਉਂਦੀ ਏ।
ਰਿਮਝਿਮ ਸਾਵਣ ਦੀ
ਅੱਗ ਸੀਨੇ ਲਾਉਂਦੀ ਏ।



ਹੜ੍ਹ ਰੂਪ ਜਵਾਨੀ ਦਾ।
ਵੇਖ ਤੂੰ ਸਾਵਣ ਵਿਚ
ਕੀ ਹਾਲ ਦੀਵਾਨੀ ਦਾ।

ਸੱਜਣਾ ਜੇ ਆ ਜਾਵੇਂ।
ਬਣ ਸਾਵਣ ਤਪਦੀ ਦੇ
ਠੰਡ ਸੀਨੇ ਪਾ ਜਾਵੇਂ।

## • ਗੀਤ

ਛੱਡ ਆਪਣੀ ਡੋਰੀ ਓਸੇ 'ਤੇ
ਹੱਥ ਜਿਸ ਦੇ ਤੇਰੀ ਡੋਰ ਕੁੜੇ!
ਮਨ ਮੰਦਰ ਵਿਚ ਰੱਖ ਇਕ ਉਸ ਨੂੰ
ਕੱਢ ਬਾਕੀ ਸਾਰੇ ਚੋਰ ਕੁੜੇ!

ਉਹ ਚਾਹਵੇ ਜਿੱਦਾਂ ਚੱਲਿਆ ਕਰ
ਛੱਡ ਆਪਣੀ ਵੱਖਰੀ ਤੋਰ ਕੁੜੇ!
ਸ਼ਹੁ ਮਿਲਦਾ ਨਾਲ ਪ੍ਰੇਮ ਕੁੜੇ
ਉਹ ਮਿਲਦਾ ਨਾਲ ਨਾ ਜ਼ੋਰ ਕੁੜੇ!

ਲਾਹ ਘੁੰਘਟ ਉਸਦੇ ਸਾਹਵੇਂ ਨੱਚ
ਜਿਉਂ ਪੈਲਾਂ ਪਾਉਂਦੇ ਮੋਰ ਕੁੜੇ
ਗੱਲ ਇੱਕੋ ਉਸ ਦੀ ਕਰਿਆ ਕਰ
ਨਾ ਗੱਲਾਂ ਕਰ ਤੂੰ ਹੋਰ ਕੁੜੇ!

ਲਾ ਸੁੱਚੀ ਪ੍ਰੀਤ ਦਾ ਵਟਣਾ ਤੂੰ
ਜੇ ਰਹਿਣਾ ਨਵੀਂ ਨਕੋਰ ਕੁੜੇ
ਛੱਡ ਸੰਸੇ ਝੰਜਟ ਦੁਨੀਆਂ ਦੇ
ਚੜ੍ਹ ਆਈ ਘਟ ਘਨਘੋਰ ਕੁੜੇ

ਲੈ ਸਾਹਾਂ ਵਿਚ ਪਰੋ ਉਸ ਨੂੰ
ਨਾ ਟੱਲ ਖੜਕਾ ਪਾ ਸ਼ੋਰ ਕੁੜੇ
ਕਰ ਮਨ ਦਾ ਸ਼ੀਸ਼ਾ ਸਾਫ਼ ਕੁੜੇ
ਫਿਰ ਤੱਕ ਨੂਰੀ ਲਿਸ਼ਕੋਰ ਕੁੜੇ!



## • ਗੀਤ

ਸਾਨੂੰ ਐਨਾ ਨਾ ਤੜਫਾ ਦਿਲੇ ਦੀਏ ਮਹਿਰਮੇਂ!
ਤੂੰ ਕਦੀ ਤੇ ਫੇਰਾ ਪਾ ਦਿਲੇ ਦੀਏ ਮਹਿਰਮੇ!

ਸਾਡੇ ਕਿਰਦੇ ਜਾਂਦੇ ਸਾਹ ਦਿਲੇ ਦੀਏ ਮਹਿਰਮੇ!
ਸਾਡੀ ਚੱਲੀ ਔਧ ਵਿਹਾ ਦਿਲੇ ਦੀਏ ਮਹਿਰਮੇ!

ਤੂੰ ਚੰਨ ਮੁੱਖੜਾ ਦਿਖਲਾ ਦਿਲੇ ਦੀਏ ਮਹਿਰਮੇ!
ਸਾਡਾ ਬਿਰਹੋਂ ਨ੍ਹੇਰ ਮਿਟਾ ਦਿਲੇ ਦੀਏ ਮਹਿਰਮੇਂ!

ਤੂੰ ਖ਼ੁਸ਼ਬੂ ਬਣ ਕੇ ਆ ਦਿਲੇ ਦੀਏ ਮਹਿਰਮੇ
ਸਾਡੇ ਸਾਹਾਂ ਵਿਚ ਘੁਲ ਜਾ ਦਿਲੇ ਦੀਏ ਮਹਿਰਮੇ

ਤੂੰ ਝੜੀ ਵਸਲ ਦੀ ਲਾ ਦਿਲੇ ਦੀਏ ਮਹਿਰਮੇ
ਤਨ ਮਨ ਦੀ ਪਿਆਸ ਬੁਝਾ ਦਿਲੇ ਦੀਏ ਮਹਿਰਮੇ

ਤੂੰ ਸਰਘੀ ਬਣ ਕੇ ਆ ਦਿਲੇ ਦੀਏ ਮਹਿਰਮੇ
ਸਾਡੀ ਜਿੰਦ ਜਾਏ ਰੁਸ਼ਨਾ ਦਿਲੇ ਦੀਏ ਮਹਿਰਮੇ

ਤੂੰ ਹੱਸ ਕੇ ਨੈਣ ਮਿਲਾ ਦਿਲੇ ਦੀਏ ਮਹਿਰਮੇ
ਸਾਡੀ ਰੂਹ ਜਾਏ ਨਸ਼ਿਆ ਦਿਲੇ ਦੀਏ ਮਹਿਰਮੇ!

## • ਗੀਤ

ਸ਼ਾਮ ਢਲੀ ਘਰ ਆ ਵੇ ਸੱਜਣਾ।
ਤੱਤੜੀ ਨੂੰ ਗਲ਼ ਲਾ ਵੇ ਸੱਜਣਾ।

ਰੋਸਾ, ਗੁੱਸਾ ਗਿਲਾ ਭੁਲਾ ਕੇ
ਰੂਹ ਦੀ ਪਿਆਸ ਬੁਝਾ ਵੇ ਸੱਜਣਾ।

ਸਾਡੇ ਵਿਚ ਜੋ ਦੀਵਾਰਾਂ ਨੇ
ਮਿਲ ਕੇ ਦਈਏ ਢਾਹ ਵੇ ਸੱਜਣਾ।

ਤੂੰ ਓਥੇ ਮੈਂ ਏਥੇ ਤੜਫਾਂ,
ਜੀਵਨ ਦਾ ਕੀ ਭਾਅ ਵੇ ਸੱਜਣਾ।

ਵਸਲ ਬਿਨਾਂ ਜਿੰਦ ਮੁਕਦੀ ਜਾਵੇ
ਸੁੱਕ ਚਲੇ ਸਭ ਚਾਅ ਵੇ ਸੱਜਣਾ।

ਜ਼ਖ਼ਮ ਅਵੱਲੇ ਤੜਫਾਉਂਦੇ ਨੇ
ਪਿਆਰ ਦੇ ਫੰਬੇ ਲਾ ਵੇ ਸੱਜਣਾ।

ਤੈਥੋਂ ਮੈਂ ਕੁਝ ਹੋਰ ਨਾ ਮੰਗਾਂ
ਦੂਰ ਨਾ ਦਿਲ ਤੋਂ ਜਾ ਵੇ ਸੱਜਣਾ।



## • ਗੀਤ

ਬੋਲ ਸੁਰੀਲੇ ਸੁਣਾਂ ਜੇ ਕਿਧਰੇ
ਤੇਰਾ ਚੇਤਾ ਆਏ।
ਤੇਰੇ ਬੋਲਾਂ ਬਿਨ ਹੁਣ ਰੂਹ ਦਾ
ਕੰਵਲ ਫੁੱਲ ਕੁਮਲਾਏ।

ਨਾ ਮੈਂ ਵੇਖੀ ਸੂਰਤ ਤੇਰੀ
ਨਾ ਮੈਂ ਮਿਲਿਆ ਤੈਨੂੰ
ਫਿਰ ਵੀ ਜਾਪੇ ਆਪਣਾ ਰਿਸ਼ਤਾ
ਕਈ ਜਨਮਾਂ ਦਾ ਮੈਨੂੰ
ਤੇਰੇ ਬੋਲਾਂ 'ਚੋਂ ਚੰਨ ਮੁੱਖੜਾ
ਤੇਰਾ ਨਜ਼ਰੀਂ ਆਏ...

ਸੁੱਚੇ ਮੋਹ ਵਿਚ ਭਿੱਜੇ ਤੇਰੇ
ਬੋਲ ਬੜੇ ਮਨਮੋਹਣੇ
ਐਨੇ ਮਿੱਠੇ ਬੋਲ ਨਾ ਕਿਧਰੇ
ਹੋਰ ਕਿਸੇ ਦੇ ਹੋਣੇ
ਮਿਲ ਜਾਏਂ ਤੂੰ ਜੇਕਰ ਕਿਧਰੇ
ਜਿੰਦ ਸਰਘੀ ਹੋ ਜਾਏ...

ਫੁੱਲਾਂ ਤੇ ਬੱਦਲਾਂ ਵਿਚ ਛੁਪਿਆ
ਜਾਪੇ ਤੇਰਾ ਚਿਹਰਾ
ਜਦ ਵੀ ਚਿਤਵਾਂ ਮਨ ਮੇਰੇ ਦਾ
ਹੋਵੇ ਦੂਰ ਹਨੇਰਾ
ਬੋਲ ਤੇਰੇ ਜਿਉਂ ਪ੍ਰੇਮ ਦੀਵਾਨੀ
ਕੋਈ ਵਿਜੋਗਣ ਗਾਏ...

ਹਰ ਇਕ ਬੋਲ ਤੇਰਾ ਜਿਉਂ ਖਿੜਿਆ

ਚੰਨ ਚਾਨਣੀ ਚੰਬਾ
ਖ਼ੁਸ਼ਬੂ ਖ਼ੁਸ਼ਬੂ ਕਰ ਦੇਵੇ ਜਿਉਂ
ਇੱਤਰ 'ਚ ਭਿੱਜਿਆ ਫੰਬਾ
ਤੇਰੇ ਬੋਲਾਂ ਮੈਨੂੰ ਸੈਆਂ
ਰੰਗਲੇ ਖ਼ਾਬ ਦਿਖਾਏ...



## • ਵਿਦਾਇਗੀ ਬੋਲ

ਮੈਂ ਆਪਣੇ ਸਨੇਹੀਆਂ ਸਬੰਧੀਆਂ ਨੂੰ
ਹਰਗਿਜ਼ ਉਦਾਸ ਹੰਝੂਆਂ ਭਰੇ
ਵਿਦਾਇਗੀ ਬੋਲ ਨਹੀਂ ਦੇ ਕੇ ਜਾਵਾਂਗਾ
ਜਿਨ੍ਹਾਂ ਤੋਂ ਮੈਨੂੰ ਸਾਰੀ ਉਮਰ
ਨਿੱਘ ਤੇ ਮੋਹ ਮਿਲਿਆ ਹੈ
ਮੈਂ ਉਹਨਾਂ ਨੂੰ ਭੇਂਟ ਕਰ ਰਿਹਾ ਹਾਂ
ਆਪਣੇ ਖਿੜੇ ਫੁੱਲਾਂ ਵਰਗੇ ਰੰਗਲੇ
ਮਹਿਕਾਂ ਤੇ ਮੁਸਕਾਨਾਂ ਵੰਡਦੇ ਵਿਦਾਇਗੀ ਬੋਲ
ਤੇ ਚਾਹੁੰਦਾ ਹਾਂ ਕਿ ਉਹ ਸਦਾ ਖ਼ੁਸ਼ ਰਹਿਣ
ਮੈਨੂੰ ਹਸਦੇ ਹਸਦੇ ਵਿਦਾ ਕਰਨ
ਜਦ ਹਰ ਇਕ ਨੇ ਇਕ ਨਾ ਇਕ ਦਿਨ
ਚਲੇ ਹੀ ਜਾਣਾ ਹੈ
ਤਾਂ ਮੇਰੇ ਵਿਦਾ ਹੋਣ 'ਤੇ
ਦੁੱਖ ਪ੍ਰੇਸ਼ਾਨੀ ਦੀ
ਕਿਹੜੀ ਗੱਲ ਹੈ?

ਕੁਲਵੰਤ ਜਗਰਾਉਂ ਦੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਵਿਚ ਕੁਲਵੰਤ ਨੇ ਆਪਣੇ ਸਾਰੇ ਜਹਾਨ ਨੂੰ ਅੱਖਰ ਅੱਖਰ ਕਰਕੇ ਜੜਿਆ ਹੋਇਆ ਹੈ। ਇਸ ਵਿਚ ਸੂਰਜ, ਚੰਦ, ਸਿਤਾਰੇ ਵੀ ਹਨ, ਪਿਤਾ ਪੁਰਖੇ ਵੀ ਤੇ ਉਸਦੀ ਅੰਸ਼-ਵੰਸ਼ ਦੇ ਚਿਹਰੇ ਵੀ। ਇਸ ਵਿਚ ਉਸਦਾ ਸਾਰਾ ਦਿਸਦਾ ਜਹਾਨ ਵੀ ਸ਼ਾਮਲ ਹੈ ਤੇ ਉਸਦਾ ਮਾਨਸਿਕ ਅਣਦਿਸਦਾ ਜਹਾਨ ਵੀ। ਪੂਰੀ ਕਾਇਨਾਤ, ਚੰਦ, ਸੂਰਜ, ਸਿਤਾਰੇ, ਧਰਤੀ, ਪੌਣ ਪਾਣੀ।

... .... .... .... .... ....

ਇਸ ਸੰਗ੍ਰਹਿ ਵਿਚ ਜ਼ਿੰਦਗੀ ਵੀ ਸ਼ਾਮਲ ਹੈ ਤੇ ਮੌਤ ਦਾ ਸੰਕਲਪ ਵੀ। ਜ਼ਿੰਦਗੀ ਨੂੰ ਤਾਂ ਉਸਨੇ ਪਿਆਰ ਨਾਲ ਚਿਤਰਿਆ ਹੈ, ਉਸਨੇ ਮੌਤ ਦੇ ਚਿਹਰੇ ਤੋਂ ਵੀ ਖ਼ੌਫ਼ ਦੀ ਨਕਾਬ ਨੂੰ ਉਤਾਰਿਆ ਤੇ ਉਸਨੂੰ ਜ਼ਿੰਦਗੀ ਦੇ ਅੰਤ ਵਜੋਂ ਨਹੀਂ ਸਗੋਂ ਨਵੀਆਂ ਕਰੂੰਬਲਾਂ, ਸੱਜਰੇ ਫੁੱਲਾਂ ਤੇ ਨਵਜੀਵਨ ਦੀ ਸੂਚਕ ਵਜੋਂ ਚਿਤਰਿਆ ਹੈ। ਆਪਣੀ ਵਿਦਾ ਦੀ ਕਲਪਨਾ ਕਰਦਿਆਂ ਉਸ ਨੇ ਜੋ ਵਿਦਾਇਗੀ ਬੋਲ ਸਿਰਜੇ ਹਨ, ਉਨ੍ਹਾਂ ਵਿਚੋਂ ਵੀ ਉਸਦੀ ਮੋਹ-ਭਿੱਜੀ, ਜਗਦੀ ਜਾਗਦੀ, ਨਿਰਭਉ, ਪ੍ਰਬੁੱਧ ਮਾਨਸਿਕਤਾ ਦੇ ਦੀਦਾਰ ਹੁੰਦੇ ਹਨ, ਉਹ ਮਾਨਸਿਕਤਾ ਜੋ ਜ਼ਿੰਦਗੀ ਦੀ ਨਿਰੰਤਰਤਾ ਨੂੰ ਨਮਸਕਾਰ ਕਰਦੀ ਹੈ। ਇਹ ਵਿਦਾਇਗੀ ਬੋਲ ਹਨ, ਪਰ ਇਨ੍ਹਾਂ ਵਿਚ ਚਾਨਣ, ਮਹਿਕ, ਗਿਆਨ ਤੇ ਸਕੂਨ ਹੈ।

**ਸੁਰਜੀਤ ਪਾਤਰ**